# ੴ ਸਤਿ ਗੁਰ ਪ੍ਰਸਾਦਿ

ਗੁਰਬਾਣੀ ਵਿਚ ਸੰਤ, ਸਾਧ, ਗੁਰੂ, ਗੁਰਮੁਖ ਆਦਿ ਸ਼ਬਦ ਪ੍ਰਾਇਵਾਚੀ ਵਰਤੇ ਗਏ ਹਨ। ਬਹੁਤ ਵੇਰ ਭਗਤ, ਜਨ ਆਦਿ ਸ਼ਬਦ ਵੀ ਇਸੇ ਪ੍ਰਸੰਗ ਵਿਚ ਲਏ ਗਏ ਹਨ। 'ਬ੍ਰਹਮਗਿਆਨੀ' ਵੀ ਇਸੇ ਅਵਸਥਾ ਵਲ ਸੰਕੇਤ ਕਰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਰਾਮਕਲੀ ਰਾਗ ਵਿਚ ਗੁਰੂ, ਸੰਤ, ਸਾਧ ਅਤੇ ਜਨ ਇਕੋ ਪਰਥਾਇ ਇਕਠੇ ਹੀ ਵਰਤੇ ਹਨ।[1]

ਇਨ੍ਹਾਂ ਪੰਕਤੀਆਂ ਵਿਚ ਗੁਰੂ ਸਾਹਿਬ ਨੇ ਫ਼ੁਰਮਾਇਆ ਹੈ ਕਿ ਮੇਰਾ ਚਿਤ ਗੁਰੂ ਚਰਨਾਂ ਵਿਚ ਲਗਾ ਹੋਇਆ ਹੈ, ਉਸੇ ਸੰਤ ਦੀ ਧੂੜ ਮੇਰੇ ਮਥੇ ਤੇ ਲਗੀ ਹੈ ਜਿਸ ਸਦਕਾ ਮੇਰੇ ਸਾਰੇ ਦੁਖ ਨਾਸ ਹੋ ਗਏ ਹਨ। ਉਸ ਸਾਧ ਰੂਪੀ ਗੁਰੂ ਦੀ ਸਚੀ ਸੇਵਾ ਕਮਾਉਣ ਨਾਲ ਪ੍ਰਾਣੀ ਦਾ ਮਨ ਸ਼ੁਧ ਹੋ ਜਾਂਦਾ ਹੈ। ਜਿਸਨੇ ਵੀ ਉਸਦੇ ਅਜਿਹੇ ਜਨ (ਗੁਰੂ) ਦਾ ਦਰਸ਼ਨ ਕਰ ਲਿਆ ਹੈ ਉਸ ਨੂੰ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ।

ਇਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਜਦੋਂ ਮਾਝ ਰਾਗ ਵਿਚ ਆਪਣੇ ਮਨ ਦੀ ਅਵਸਥਾ ਦਾ ਜ਼ਿਕਰ ਕਰਦੇ ਹਨ ਕਿ ਮੇਰਾ ਮਨ ਗੁਰੂ ਦੇ ਦਰਸ਼ਨਾਂ ਲਈ ਲੋਚਦਾ ਹੈ, ਪਪੀਹੇ ਦੀ ਤਰ੍ਹਾਂ ਮਿਲਾਪ ਲਈ ਤੜਫ਼ਦਾ ਹੈ, ਉਸ ਗੁਰੂ ਸੰਤ ਦੇ ਦਰਸ਼ਨਾਂ ਬਿਨ੍ਹਾਂ ਪਿਆਸ ਨਹੀਂ ਬੁਝਦੀ, ਸ਼ਾਂਤੀ ਨਹੀਂ ਮਿਲਦੀ। ਉਸ ਗੁਰੂ ਦੇ ਦਰਸ਼ਨਾਂ ਤੋਂ ਮੈਂ ਵਾਰੀ ਜਾਂਦਾ ਹਾਂ। ਇਥੇ ਸ੍ਰੀ ਗੁਰੂ ਰਾਮਦਾਸ ਸਾਹਿਬ ਨੂੰ ਸੰਤ ਕਿਹਾ ਗਿਆ ਹੈ।[2]

ਰਾਮਕਲੀ ਕੀ ਵਾਰ ਵਿਚ ਵੀ ਗੁਰੂ ਸਾਹਿਬ ਸੰਤ ਅਤੇ ਗੁਰੂ ਨੂੰ ਦਰਸਾਂਦੇ ਹਨ ਕਿ ਪਰਮਾਤਮਾ ਨੇ ਸੰਤ ਮਿਲਾਇਆ ਹੈ ਜਿਸਨੇ ਮਸਤਕ ਤੇ ਹਥ ਰਖਿਆ ਹੈ, ਅਜਿਹਾ ਗੁਰੂ ਜਿਸਨੇ

---

[1] ਗੁਰ ਕੈ ਚਰਣਿ ਚਿਤੁ ਲਾਗਾ ॥ ਧੰਨਿ ਧੰਨਿ ਸੰਜੋਗੁ ਸਭਾਗਾ ॥
ਸੰਤ ਕੀ ਧੂਰਿ ਲਾਗੀ ਮੇਰੈ ਮਾਥੇ ॥ ਕਿਲਵਿਖ ਦੁਖ ਸਗਲੇ ਮੇਰੇ ਲਾਥੇ ॥੨॥
ਸਾਧ ਕੀ ਸਚੁ ਟਹਲ ਕਮਾਨੀ ॥ ਤਬ ਹੋਏ ਮਨ ਸੁਧ ਪਰਾਨੀ ॥
ਜਨ ਕਾ ਸਫਲ ਦਰਸੁ ਡੀਠਾ ॥ ਨਾਮੁ ਪ੍ਰਭੂ ਕਾ ਘਟਿ ਘਟਿ ਵੂਠਾ ॥੩॥

ਰਾਮਕਲੀ ਮ. ੫, ਪੰਨਾ ੮੯੪

[2] ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥
ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ ॥੨॥ ਰਹਾਉ ॥

ਮਾਝ ਮ. ੫. ਪੰਨਾ 96

ਸਾਰਾ ਸੰਸਾਰ ਤਾਰ ਦਿਤਾ ਹੈ।[3]

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਸੰਤ ਅਤੇ ਭਗਤ ਨੂੰ ਇਕੋ ਪੰਕਤੀ ਵਿਚ ਇਕੋ ਪ੍ਰਸੰਗ ਵਿਚ ਵਰਤ ਕੇ ਦੋਨਾਂ ਸ਼ਬਦਾਂ ਨੂੰ ਇਕੋ ਅਰਥ ਦਿੰਦੇ ਹਨ। ਉਨ੍ਹਾਂ ਦਾ ਫੁਰਮਾਨ ਹੈ ਕਿ ਪਰਮਾਤਮਾ ਉਨ੍ਹਾਂ ਸੰਤਾਂ ਭਗਤਾਂ ਦੀ ਸੰਗਤ ਵਿਚ ਮਿਲਦਾ ਹੈ ਜਿੰਨ੍ਹਾਂ ਦੇ ਮੂੰਹ ਵਿਚ ਸਦਾ ਉਸਦਾ ਨਾਮ ਟਿਕਿਆ ਰਹਿੰਦਾ ਹੈ।[4] ਸਿਰੀ ਰਾਗ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਸਤਗੁਰੂ ਨੂੰ ਸਾਧੂ ਮੰਨਦੇ ਹੋਏ ਫੁਰਮਾਉਂਦੇ ਹਨ ਕਿ ਸਾਧੂ ਸਤਗੁਰੂ ਦੇ ਮਿਲਣ ਨਾਲ ਹੀ ਗੁਣਾਂ ਦੇ ਖਜਾਨੇ ਪ੍ਰਮਾਤਮਾ ਨੂੰ ਪਾਇਆ ਜਾ ਸਕਦਾ ਹੈ।[5]

ਸ੍ਰੀ ਗੁਰੂ ਅਰਜਨ ਦੇਵ ਜੀ ਤਾਂ ਸੰਤ, ਭਗਤ ਅਤੇ ਜਨ ਨੂੰ ਵੀ ਇਕੋ ਹੀ ਦਰਸਾਂਦੇ ਹੋਏ ਫੁਰਮਾਉਂਦੇ ਹਨ ਕਿ ਜਿਸ ਮਨੁਖ ਉਤੇ ਮਾਲਕ ਪ੍ਰਭੂ ਦਇਆਲ ਹੁੰਦਾ ਹੈ ਤਾਂ ਉਹੀ ਮਨੁਖ ਉਸ ਦਾ ਸੰਤ, ਭਗਤ ਜਾਂ ਜਨ ਹੁੰਦਾ ਹੈ।[6]

ਭੱਟ ਕਲਸਹਾਰ ਨੇ ਸ੍ਰੀ ਗੁਰੂ ਅਰਜਨ ਸਾਹਿਬ ਨੂੰ ਵੀ ਗੁਰੂ ਅਤੇ ਭਗਤ ਦੋਨਾਂ ਵਿਸ਼ੇਸ਼ਣਾਂ ਨਾਲ ਸੰਬੋਧਿਤ ਕੀਤਾ ਹੈ। ਮਹਲੇ ਪੰਜਵੇਂ ਦੇ ਪਹਿਲੇ ਅਤੇ ਛੇਵੇਂ ਸਵਈਏ ਵਿਚ ਸਪੱਸ਼ਟ ਸ਼ਬਦਾਂ ਵਿਚ ਦਸਿਆ ਹੈ ਕਿ ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਘਰ ਭਗਤ ਅਰਜਨ ਪੁਤਰ ਦੇ ਰੂਪ ਵਿਚ ਪ੍ਰਗਟ ਹੋਏ ਹਨ:

ਗੁਰੂ ਅਰਜੁਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ ॥ ਅਤੇ
ਕੁਲਿ ਸੋਢੀ ਗੁਰ ਰਾਮਦਾਸ ਤਨੁ ਧਰਮ ਧੁਜਾ ਅਰਜੁਨੁ ਹਰਿ ਭਗਤਾ ॥

ਪੰਨਾ 1407

ਭੱਟ ਜਾਲਪ ਨੇ ਤਾਂ ਸ੍ਰੀ ਗੁਰੂ ਅਮਰਦਾਸ ਸਾਹਿਬ ਨੂੰ ਗੁਰੂ ਅਤੇ ਭਗਤ ਕਹਿ ਕੇ ਸੰਬੋਧਿਤ ਕੀਤਾ ਹੈ ਅਤੇ ਕਿਹਾ ਹੈ ਕਿ ਸ੍ਰੀ ਗੁਰੂ ਅਮਰਦਾਸ ਅਕਾਲ ਪੁਰਖ ਦਾ ਪਿਆਰਾ ਭਗਤ ਹੈ, ਮੈਂ ਉਸਦਾ ਦਰਸ਼ਨ ਕਰਕੇ ਵਿਕਾਰਾਂ ਤੋਂ ਖ਼ਲਾਸੀ ਪਾਂਦਾ ਹਾਂ:

ਗੁਰੁ ਅਮਰਦਾਸੁ ਨਿਜ ਭਗਤੁ ਹੈ, ਦੇਖਿ ਦਰਸੁ ਪਾਵਉ ਮੁਕਤਿ ॥

ਸਵਈਏ ਮਹਲੇ ਤੀਜੇ ਕੇ ਪੰਨਾ 1394

---

[3] ਸਤਿਗੁਰਿ ਸੰਤੁ ਮਿਲਾਇਆ ਮਸਤਕਿ ਧਰਿ ਕੈ ਹਥੁ ॥
ਵਡਾ ਸਾਹਿਬੁ ਗੁਰੂ ਮਿਲਾਇਆ ਜਿਨਿ ਤਾਰਿਆ ਸਗਲ ਜਗਤੁ ॥ ਸਲੋਕ ਮ: ੫ ਪੰਨਾ 958

[4] ਜਾ ਕੀ ਭਗਤਿ ਹੇਤੁ ਮੁਖਿ ਨਾਮੁ ॥ ਸੰਤ ਭਗਤ ਕੀ ਸੰਗਤਿ ਰਾਮੁ ॥ ਆਸਾ ਮ:੧ ਪੰਨਾ 416

[5] ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ ॥ ਸਿਰੀ ਰਾਗੁ ਮਹਲਾ ੧ ਪੰਨਾ 680

[6] ਕਹੁ ਨਾਨਕ ਦਇਆਲ ਸੁਆਮੀ ਸੰਤੁ ਭਗਤੁ ਜਨੁ ਸੋਈ ॥ ਧਨਾਸਰੀ ਮਹਲਾ ੫ ਪੰਨਾ 680

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਇਨ੍ਹਾਂ ਸ਼ਬਦਾਂ ਦੀ ਥਾਂ ਤੇ ਬ੍ਰਹਮਗਿਆਨੀ ਸ਼ਬਦ ਦੀ ਵਰਤੋਂ ਕੀਤੀ ਹੈ। ਅਠਵੀਂ ਅਸ਼ਟਪਟੀ ਵਿਚ ਬ੍ਰਹਮਗਿਆਨੀ ਦੇ ਲਛਣ ਬੜੇ ਵਿਸਤਾਰ ਵਿਚ ਬਿਆਨ ਕੀਤੇ ਹਨ ਅਤੇ ਦਸਿਆ ਹੈ ਕਿ ਵਡੇ ਭਾਗਾਂ ਨਾਲ ਬ੍ਰਹਮਗਿਆਨੀ ਦਾ ਦਰਸ਼ਨ ਮਿਲਦਾ ਹੈ। ਬ੍ਰਹਮਗਿਆਨੀ ਬ੍ਰਹਮ ਨਾਲ ਸਦਾ ਜੁੜਿਆ ਰਹਿੰਦਾ ਹੈ।

ਸੰਤ, ਭਗਤ, ਸਾਧ, ਜਨ, ਬ੍ਰਹਮਗਿਆਨੀ, ਗੁਰਮੁਖ ਜਾਂ ਗੁਰੂ ਆਦਿ ਸ਼ਬਦ ਕਿਸ ਲਈ ਵਰਤੇ ਜਾਣੇ ਚਾਹੀਦੇ ਹਨ ਜਾਂ ਗੁਰਬਾਣੀ ਵਿਚ ਕਿਸ ਲਈ ਵਰਤੇ ਗਏ ਹਨ, ਇਹ ਪ੍ਰਸ਼ਨ ਅਤਿਅੰਤ ਸੰਵੇਦਨਸ਼ੀਲ ਹੈ। ਕਿਉਂਕਿ ਸੰਤ ਦੀ ਪਰਿਭਾਸ਼ਾ ਦੇਣੀ ਕੋਈ ਸਰਲ ਕੰਮ ਨਹੀਂ। ਇਸ ਯਤਨ ਵਿਚ ਭੁਲੇਖਾ ਪੈਣਾ ਬਹੁਤ ਮਾਮੂਲੀ ਗਲ ਹੈ। ਅਸਲ ਵਿਚ ਸੰਤ ਦੀ ਪਛਾਣ ਉਹੀ ਕਰ ਸਕਦਾ ਹੈ ਜੋ ਖੁਦ ਸੰਤ ਹੋਵੇ, ਜਾਂ ਜਿਸਨੂੰ ਸੰਤ ਆਪ ਕਰਾਵੇ। ਕਿਸੇ ਉਚਾਈ ਤੇ ਕੀ ਵਸਤੂ ਪਈ ਹੈ ਇਹ ਇਕ ਖਾਸ ਉਚਾਈ ਤੇ ਜਾ ਕੇ ਹੀ ਪਤਾ ਲਗ ਸਕਦਾ ਹੈ, ਬਾਕੀ ਸਭ ਅੰਦਾਜੇ ਹੀ ਹੁੰਦੇ ਹਨ, ਜਿਵੇਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ, ਜਪੁ ਬਾਣੀ ਵਿਚ ਫ਼ੁਰਮਾਨ ਕਰਦੇ ਹਨ:

ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥ ਜਪੁ, ਪੰਨਾ 5

ਇਸ ਕਰਕੇ ਸੰਤ ਦੀ ਪਛਾਣ ਸੰਤ ਹੀ ਕਰ ਸਕਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਵੀ ਸੁਖਮਨੀ ਸਾਹਿਬ ਵਿਚ ਇਹੀ ਕਹਿੰਦੇ ਹਨ:

ਬ੍ਰਹਮਗਿਆਨੀ ਕੀ ਗਤਿ ਬ੍ਰਹਮਗਿਆਨੀ ਜਾਨੈ ॥ ਗਉੜੀ ਸੁਖਮਨੀ ਮ. ੫ ਪੰਨਾ 272

ਗੁਰਬਾਣੀ ਵਿਚ ਕਈ ਜਗ੍ਹਾ ਸੰਤ ਦੇ ਲਛਣਾਂ ਦਾ ਜ਼ਿਕਰ ਆਇਆ ਹੈ ਕਿ ਅਸਲ ਵਿਚ ਸੰਤ ਕੀ ਹੁੰਦਾ ਹੈ, ਉਸ ਦਾ ਰਹਨ-ਸਹਨ ਕਿਹੋ ਜਿਹਾ ਹੁੰਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬ੍ਰਹਮਗਿਆਨੀ ਸ਼ਬਦ ਦੀ ਪਰਿਭਾਸ਼ਾ ਦਿਤੀ ਹੈ। ਉਨ੍ਹਾਂ ਅਨੁਸਾਰ ਉਹ ਮਨੁਖ ਜਿਸਦੇ ਹਿਰਦੇ ਵਿਚ ਸਚਾ ਪ੍ਰਭੂ ਵਸਿਆ ਹੁੰਦਾ ਹੈ ਅਤੇ ਬ੍ਰਹਮਗਿਆਨੀ ਸ਼ਬਦ ਦੀ ਪਰਿਭਾਸ਼ਾ ਦਿਤੀ ਹੈ। ਉਨ੍ਹਾਂ ਅਨੁਸਾਰ ਉਹ ਮਨੁਖ ਜਿਸਦੇ ਹਿਰਦੇ ਵਿਚ ਸਚਾ ਪ੍ਰਭੂ ਵਸਿਆ ਹੁੰਦਾ ਹੈ ਅਤੇ ਰਸਨਾ ਤੇ ਜਾਂ ਮੁਖ ਵਿਚ ਸਦਾ ਪ੍ਰਭੂ ਦਾ ਹੀ ਨਿਵਾਸ ਹੁੰਦਾ ਹੈ। ਉਹ ਜੋ ਹਰ ਥਾਂ, ਜ਼ਰੇ ਜ਼ਰੇ ਵਿਚ ਪ੍ਰਭੂ ਨੂੰ ਹੀ ਵਸਿਆ ਪ੍ਰਗਟ ਪਾਹਾਰੈ ਵੇਖਦਾ ਹੈ, ਇਨ੍ਹਾਂ ਲਛਣਾ ਸਦਕਾ ਉਹ ਬ੍ਰਹਮਗਿਆਨੀ ਕਹਾਉਂਦਾ ਹੈ। ਭਾਵ, ਜਿਸਦੇ ਮਨ, ਬਚਨ ਅਤੇ ਕਰਮ ਵਿਚ ਪ੍ਰਭੂ ਦਾ ਵਾਸਾ ਹੋ ਜਾਂਦਾ ਹੈ ਉਸਨੂੰ ਪ੍ਰਭੂ ਦਾ ਗਿਆਤਾ ਜਾਂ ਬ੍ਰਹਮਗਿਆਨੀ ਕਿਹਾ ਜਾਂਦਾ ਹੈ:

ਮਨਿ ਸਾਚਾ ਮੁਖਿ ਸਾਚਾ ਸੋਇ ॥ ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥

ਨਾਨਕ ਇਹ ਲਛਣ ਬ੍ਰਹਮਗਿਆਨੀ ਹੋਇ ॥ ਗਉੜੀ ਸੁਖਮਨੀ ਮ. ੫, ਪੰਨਾ 272

ਸੰਤ ਦਾ ਜੀਵਨ ਅਜਿਹਾ ਹੁੰਦਾ ਹੈ ਕਿ ਉਹ ਪ੍ਰਮਾਤਮਾ ਨੂੰ ਅਠੇ ਪਹਿਰ ਆਪਣੇ ਕੋਲ ਵਸਦਾ ਵੇਖਦਾ ਹੈ। ਜੋ ਕੁਝ ਪਰਮਾਤਮਾ ਕਰਦਾ ਹੈ ਉਹ ਉਸਨੂੰ ਮਿਠਾ ਕਰਕੇ ਮੰਨਦਾ ਹੈ। ਪ੍ਰਭੂ ਦਾ ਨਾਮ ਹੀ ਸੰਤਾਂ ਦਾ ਆਸਰਾ ਹੁੰਦਾ ਹੈ ਅਤੇ ਸੰਤ ਸਭ ਦੇ ਚਰਨਾਂ ਦੀ ਧੂੜ ਬਣੇ ਰਹਿੰਦੇ ਹਨ। ਭਾਵ ਉਹ ਨਿਮਰਤਾ ਦੇ ਪੁੰਜ ਹੁੰਦੇ ਹਨ। ਮਾਣ ਹੁੰਦੇ ਹੋਏ ਨਿਮਾਣੇ ਹੁੰਦੇ ਹਨ। ਸੰਤ ਉਹ ਹੈ ਜਿਸਦੇ ਹਿਰਦੇ ਵਿਚ ਕੇਵਲ ਪਰਮਾਤਮਾ ਦੇ ਨਾਮ ਸਿਮਰਨ ਦਾ ਆਹਰ ਟਿਕਿਆ ਰਹਿੰਦਾ ਹੈ। ਸਦਾ ਅਨੰਦ ਰਹਿਣ ਵਾਲੇ ਪਰਮਾਤਮਾ ਦੀ ਸਿਫ਼ਤ ਸਲਾਹ ਹੀ ਸੰਤ ਦੀ ਜਿੰਦਗੀ ਦਾ ਸਹਾਰਾ ਹੁੰਦੀ ਹੈ। ਸੰਤ ਉਹ ਹੈ ਜਿਸਦੇ ਮਨ ਵਿਚ ਮਿਤਰ ਅਤੇ ਵੈਰੀ ਇਕੋ ਜਿਹੇ ਪ੍ਰਤੀਤ ਹੁੰਦੇ ਹਨ ਕਿਉਂਕਿ ਉਹ ਸਭ ਜੀਵਾਂ ਵਿਚ ਆਪਣੇ ਪਿਆਰੇ ਪਰਮਾਤਮਾ ਤੋਂ ਬਿਨਾਂ ਹੋਰ ਕਿਸੇ ਨੂੰ ਵਸਦਾ ਨਹੀ ਵੇਖਦਾ। ਉਸ ਦੇ ਅਨੁਸਾਰ ਹਰ ਜੀਵ ਵਿਚ ਪ੍ਰਭੂ ਹੀ ਦਿਸਦਾ ਹੈ। ਸੰਤ ਦੇ ਵਿਚ ਇਤਨੀ ਤਾਕਤ ਹੁੰਦੀ ਹੈ ਕਿ ਉਹ ਹੋਰਨਾਂ ਦੇ ਕਰੋੜਾਂ ਹੀ ਪਾਪ ਹੱਰ ਸਕਦਾ ਹੈ। ਉਹ ਪ੍ਰਭੂ ਦੇ ਸੰਤ, ਦੂਜਿਆਂ ਦਾ ਦੂਖ ਦੂਰ ਕਰਦੇ ਹਨ ਅਤੇ ਨਾਲ ਹੀ ਆਤਮਕ ਜੀਵਨ ਵੀ ਉਚਾ ਕਰਨ ਦੀ ਸਮਰਥਾ ਰਖਦੇ ਹਨ। ਇਸਤੋਂ ਇਲਾਵਾ ਮਹਾਂਪੁਰਖ ਬਚਨਾਂ ਦੇ ਬਲੀ ਹੁੰਦੇ ਹਨ ਅਤੇ ਮਾਇਆ ਨੂੰ ਉਹ ਵਸ ਕਰ ਲੈਂਦੇ ਹਨ ਜੋ ਉਨ੍ਹਾਂ ਦੀ ਦਾਸੀ ਬਣ ਜਾਂਦੀ ਹੈ। ਸੰਤ ਦੇ ਅਜਿਹੇ ਲਛਣ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸੰਤ ਰਹਤ ਦੇ ਸਿਰਲੇਖ ਹੇਠ ਆਸਾ ਰਾਗ ਵਿਚ ਦਰਸਾਏ ਹਨ।[7] ਇਤਿਹਾਸ ਵਿਚ ਸੰਤਾਂ ਪੁਰਸ਼ਾਂ ਦੇ ਅਜਿਹੇ ਲਛਣਾਂ ਦੀਆ ਕਈ ਉਦਾਹਰਣਾਂ ਮਿਲ ਜਾਂਦੀਆਂ ਹਨ। ਬ੍ਰਹਮਗਿਆਨੀ ਅਤਿ ਦਰਜੇ ਦਾ ਪਰਉਪਕਾਰੀ ਹੁੰਦਾ ਹੈ, ਉਸ ਦਾ ਹਿਰਦਾ ਕਿਸੇ ਦਾ ਦੁਖ ਵੇਖ ਕੇ ਦੁਖੀ ਹੁੰਦਾ ਹੈ। ਉਸ ਵਲੋਂ ਸਭ ਤੋਂ ਵਡਾ ਦਾਨ ਜੀਅ ਦਾਨ ਹੁੰਦਾ ਹੈ, ਜਿਸ ਨੂੰ ਨਾਮ ਦਾਨ ਵੀ ਕਿਹਾ ਗਿਆ ਹੈ। ਅਸੀਂ ਰੋਜ਼ਾਨਾ ਅਰਦਾਸ ਵਿਚ ਵੀ ਦਾਨਾਂ ਸਿਰ ਦਾਨ, ਨਾਮ ਦਾਨ ਨੂੰ ਕਹਿੰਦੇ ਹਾਂ। ਗੁਰਬਾਣੀ ਵਿਚ ਰਾਜਾ ਜਨਕ ਦਾ ਜ਼ਿਕਰ ਆਇਆ ਹੈ ਜਿਸਦੀ ਕਮਾਈ ਦੀ ਸਿਫ਼ਤ ਕੀਤੀ ਗਈ ਹੈ। ਕਹਿੰਦੇ ਹਨ ਕਿ ਰਾਜਾ ਜਨਕ ਨੇ ਆਪਣੀ ਭਗਤੀ ਦੇ ਬਲ ਨਾਲ ਜੀਅ ਦਾਨ ਦੇ ਕੇ ਕਈ ਨਰਕ ਖਾਲੀ ਕਰਵਾ ਲਏ ਸਨ। ਇਸੇ ਜਨਕ ਨੂੰ ਗੁਰਬਾਣੀ ਵਿਚ ਗੁਰਮੁਖ ਦੀ ਪਦਵੀ ਦਿਤੀ ਗਈ ਹੈ।[8]

---

[7] ਆਠ ਪਹਰ ਨਿਕਟਿ ਕਰਿ ਜਾਨੈ ॥ ਪ੍ਰਭ ਕਾ ਕੀਆ ਮੀਠਾ ਮਾਨੈ ॥
ਏਕੁ ਨਾਮੁ ਸੰਤਨ ਆਧਾਰੁ ॥ ਹੋਇ ਰਹੇ ਸਭ ਕੀ ਪਗ ਛਾਰੁ ॥......
ਵਰਤਣਿ ਜਾ ਕੈ ਕੇਵਲ ਨਾਮ ॥ ਅਨਦ ਰੂਪ ਕੀਰਤਨੁ ਬਿਸ੍ਰਾਮ ॥
ਮਿਤ੍ਰ ਸਤ੍ਰੁ ਜਾ ਕੈ ਏਕ ਸਮਾਨੈ ॥ ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥
ਕੋਟਿ ਕੋਟਿ ਅਘ ਕਾਟਨ ਹਾਰਾ ॥ ਦੁਖ ਦੂਰਿ ਕਰਨ ਜੀਅ ਕੈ ਦਾਤਾਰਾ ॥
ਸੂਰਬੀਰ ਬਚਨ ਕੇ ਬਲੀ ॥ ਕਉਲਾ ਬਪੁਰੀ ਸੰਤੀ ਛਲੀ ॥ ਆਸਾ ਮ. ੫, ਪੰਨਾ 392

ਸੰਤ ਦੀ ਅਵਸਥਾ ਐਸੀ ਹੁੰਦੀ ਹੈ ਕਿ ਉਸ ਨੂੰ ਕਣ ਕਣ ਪਰਮਾਤਮਾ ਦੀ ਸਿਫ਼ਤ ਸਲਾਹ ਕਰਦਾ ਨਜ਼ਰ ਆਉਂਦਾ ਹੈ। ਉਹ ਜਿਧਰ ਵੀ ਦੇਖਦਾ ਹੈ ਉਸਨੂੰ ਪਰਮਾਤਮਾ ਦੇ ਗੁਣਾਂ ਦਾ ਗਾਇਨ ਹੁੰਦਾ ਹੀ ਪ੍ਰਤੀਤ ਹੁੰਦਾ ਹੈ। ਜਿਵੇਂ ਗੁਰੂ ਨਾਨਕ ਦੇਵ ਜੀ ਨੂੰ ਪਉਣ, ਪਾਣੀ, ਬੈਸੰਤਰ ਆਦਿ ਸਗਲੀ ਸ੍ਰਿਸ਼ਟੀ ਅਤੇ ਬਾਕੀ ਲੋਕ ਵੀ ਪ੍ਰਭੂ ਦਾ ਗਾਇਨ ਕਰਦੇ ਹੀ ਦਿਸੇ ਜਿਸ ਬਾਰੇ ਉਨ੍ਹਾਂ ਨੇ 'ਸੋਦਰੁ' ਦੀ ਬਾਣੀ ਵਿਚ ਵਿਸਤਾਰ ਨਾਲ ਦਰਜ ਕੀਤਾ ਹੈ।[9]

ਉਹ ਮਨੁਖ ਜੋ ਪੂਰੇ ਗੁਰੂ ਦੀ ਸ਼ਰਨ ਵਿਚ ਪੈਂਦੇ ਹਨ ਅਤੇ ਪਰਮਾਤਮਾ ਨਾਲ ਸਦਾ ਇਕਮਿਕ ਰਹਿੰਦੇ ਹਨ, ਉਸ ਪਰਮਾਤਮਾ ਦੀ ਯਾਦ ਵਿਚ ਹੀ ਮਸਤ ਰਹਿੰਦੇ ਹਨ ਉਨ੍ਹਾਂ ਦੇ ਮਨ ਤਨ ਖਿੜ ਜਾਂਦੇ ਹਨ। ਅਜਿਹਾ ਮਨੁਖ ਜਾਂ ਸੰਤ ਦਿਨ ਰਾਤ ਵਾਹਿਗੁਰੂ ਨੂੰ ਹੀ ਯਾਦ ਕਰਦਾ ਹੈ ਅਤੇ ਉਸਨੂੰ ਅੰਗ ਸੰਗ ਸਮਝਦਾ ਹੈ। ਉਹ ਪਰਮਾਤਮਾ ਦੇ ਚਰਨਾਂ ਨੂੰ ਆਪਣਾ ਆਸਰਾ ਬਣਾ ਕੇ ਸਦਾ ਉਸਦੇ ਹੁਕਮ ਵਿਚ ਤੁਰਦੇ ਹਨ। ਪਰਮਾਤਮਾ ਦਾ ਨਾਮ ਹੀ ਉਨ੍ਹਾਂ ਦਾ ਵਣਜ ਵਪਾਰ ਹੁੰਦਾ ਹੈ, ਜਿਵੇਂ ਭਗਤ ਕਬੀਰ ਜੀ ਨੇ ਫ਼ੁਰਮਾਇਆ ਹੈ ਕਿ ਕਈ ਲੋਕ ਤਾਂਬੇ ਦਾ ਕਰਦੇ ਹਨ, ਕਈ ਲੌਂਗ, ਸੁਪਾਰੀ ਆਦਿ ਦਾ, ਪਰ ਪ੍ਰਭੂ ਦੇ ਸੰਤਾਂ ਨੇ ਪਰਮਾਤਮਾ ਦਾ ਨਾਮ ਵਣਜਿਆ ਹੈ ਅਤੇ ਮੈਂ ਵੀ ਅਜਿਹਾ ਹੀ ਸੌਦਾ ਲਦਿਆ ਹੈ। ਅਜਿਹੇ ਵਪਾਰੀ ਸਚੇ ਨਾਮ ਵਿਚ ਹੀ ਲਗੇ ਰਹਿੰਦੇ ਹਨ।[10] ਸੋ ਪਰਮਾਤਮਾ ਦਾ ਨਾਮ ਹੀ ਸੰਤਾਂ ਦਾ ਵਣਜ ਹੈ ਅਤੇ ਉਹ ਸਦਾ ਇਸੇ ਦੇ ਵਪਾਰੀ ਬਣੇ ਰਹਿੰਦੇ ਹਨ। ਪਰਮਾਤਮਾ ਤੋਂ ਬਿਨਾਂ ਉਹ ਕਿਸੇ ਹੋਰ ਨਾਲ ਡੂੰਘੀ ਸਾਂਝ ਪਾਂਦੇ ਹੀ ਨਹੀਂ ਹਨ। ਖੁਸ਼ੀ ਅਤੇ ਗ਼ਮੀ ਦੋਹਾਂ ਤੋਂ ਹੀ ਸੁਤੰਤਰ ਰਹਿੰਦੇ ਹਨ।[11] ਭਾਈ ਭਿਖਾਰੀ ਜੀ ਜੋ ਗੁਰੂ ਅਰਜਨ ਦੇਵ ਜੀ ਦੇ ਸਿਖ ਸਨ ਆਪਣੇ ਪੁਤਰ ਦੇ ਵਿਆਹ ਵੇਲੇ ਆਪਣੇ ਹੀ ਪੁਤਰ ਦੀ ਹੋਣ ਵਾਲੀ ਮੌਤ ਤੋਂ ਜਾਣੂ ਸਨ ਅਤੇ ਉਨ੍ਹਾਂ ਨੂੰ ਉਸ ਬਾਰੇ ਕੋਈ ਦੁਖ ਨਹੀਂ ਸੀ ਵਾਪਰਿਆ। ਉਹ ਆਪਣੀ ਮਸਤੀ ਵਿਚ ਵਾਹਿਗੁਰੂ ਦੀ ਯਾਦ ਵਿਚ ਆਪਣੇ ਪੁਤਰ ਦਾ ਕਫ਼ਨ ਤਿਆਰ ਕਰਕੇ ਬੈਠੇ ਸਨ। ਸੋ ਸੰਤ ਪੁਰਸ਼ਾਂ ਲਈ ਖੁਸ਼ੀ

---

[8] ਗੁਰਮੁਖਿ ਜਨਕਿ ਹਰਿ ਨਾਮੁ ਲਿਵਲਾਈ ॥ (ਵਡਹੰਸ ਕੀ ਵਾਰ ਮਹਲਾ ੪) ਮਹਲਾ ੩ ਪੰਨਾ 591

[9] ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥...
ਗਾਵਹਿ ਇੰਦ ਇਦਾਸਣ ਬੈਠੇ ਦੇਵਤਿਆਂ ਦਰਿ ਨਾਲੇ ॥
ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥ ਜਪੁ, ਪੰਨਾ 6

[10] ਕਿਨ ਹੀ ਬਨਜਿਆ ਕਾਂਸੀ ਤਾਂਬਾ ਕਿਨ ਹੀ ਲਉਗ ਸੁਪਾਰੀ ॥
ਸੰਤਹੁ ਬਨਜਿਆ ਨਾਮੁ ਗੋਬਿੰਦ ਕਾ ਐਸੀ ਖੇਪ ਹਮਾਰੀ ॥ ਕੇਦਾਰਾ (ਕਬੀਰ ਜੀ), ਪੰਨਾ 1123

[11] ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ ॥
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥ ਸਲੋਕ ਮ. ੯, ਪੰਨਾ 1427

ਗਮੀ ਸਮ ਹੀ ਹੁੰਦੀ ਹੈ। ਉਨ੍ਹਾਂ ਦੀ ਜੀਵਨ ਜੁਗਤ ਸੁਚੱਜੀ ਹੁੰਦੀ ਹੈ। ਉਹ ਸਭ ਨਾਲ ਪ੍ਰੇਮ ਕਰਦੇ ਵੀ ਦਿਸਦੇ ਹਨ ਅਤੇ ਨਾਲ ਹੀ ਸਭ ਤੋਂ ਵਖਰੇ ਨਿਰਮੋਹੀ ਵੀ ਹੁੰਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਅਜਿਹੇ ਸੰਤਾਂ ਦੀ ਮੈਂ ਕਿਹੜੀ ਵਡਿਆਈ ਕਿਵੇਂ ਬਖਾਨ ਕਰਾਂ ਕਿਉਂਕਿ ਉਨ੍ਹਾਂ ਦੀ ਉਚੀ ਆਤਮਕ ਅਵਸਥਾ ਮਨੁਖੀ ਸੋਚ ਵਿਚਾਰ ਤੋਂ ਬਹੁਤ ਪਰੇ ਹੈ ਇਸ ਕਰਕੇ ਕੋਈ ਅੰਦਾਜ਼ਾ ਵੀ ਨਹੀਂ ਲਗਾਇਆ ਜਾ ਸਕਦਾ।[12]

ਪਰਮਾਤਮਾ ਆਪਣੀ ਮਿਹਰ ਕਰਕੇ ਜਿਸ ਮਨੁਖ ਦੀ ਆਪ ਰਖਿਆ ਕਰਦਾ ਹੈ ਉਹੀ ਅਸਲ ਭਗਤ ਹੈ, ਉਹੀ ਉਸਦਾ ਨਾਮ ਜਪਦਾ ਹੈ।[13] ਜਿਸਨੂੰ ਪ੍ਰਭੂ ਆਪ ਆਪਣੀ ਰੰਗਤ ਦਿੰਦਾ ਹੈ ਉਹੀ ਉਸਨੂੰ ਭਾਉਂਦਾ ਹੈ। ਅਜਿਹਾ ਮਨੁਖ ਹੀ ਉਸਦਾ ਨਾਮ ਜਪ ਸਕਦਾ ਹੈ। ਜੋ ਹਰੀ ਦਾ ਨਾਮ ਧਿਆਉਂਦਾ ਹੈ ਉਹ ਹੀ ਭਗਤ ਹੈ।[14] ਸ੍ਰੀ ਗੁਰੂ ਅਮਰਦਾਸ ਸਾਹਿਬ, ਭਗਤ ਨੂੰ ਗੁਰਮੁਖ ਵੀ ਕਹਿ ਰਹੇ ਹਨ। ਉਨ੍ਹਾਂ ਅਨੁਸਾਰ ਅਜਿਹਾ ਗੁਰਮੁਖ ਹੀ ਭਗਤ ਹੈ ਜਿਸਨੇ ਗੁਰੂ ਦੀ ਕ੍ਰਿਪਾ ਦੁਆਰਾ ਉਸਦੇ ਦਿਤੇ ਸ਼ਬਦ ਨੂੰ ਜਪ ਕੇ ਹਉਮੈ ਨੂੰ ਜਲਾ ਦਿਤਾ ਹੈ।[15] ਗੁਰਮੁਖ ਪਦ ਦੀ ਵਿਆਖਿਆ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਧ ਗੋਸਟਿ ਵਿਚ ਕੀਤੀ ਹੈ। ਉਨ੍ਹਾਂ ਅਨੁਸਾਰ ਗੁਰਮੁਖ ਸਾਰੀਆਂ ਸਿਧੀਆਂ ਅਤੇ ਬੁਧੀਆਂ ਦਾ ਮਾਲਕ ਹੁੰਦਾ ਹੈ। ਗੁਰਮੁਖ ਨੂੰ ਸਚ ਦੀ ਸੁਧ ਹੁੰਦੀ ਹੈ। ਉਸਨੂੰ ਚੰਗੇ ਮੰਦੇ ਦੀ ਪਛਾਣ ਹੁੰਦੀ ਹੈ। ਉਹ ਗ੍ਰਿਹਣ ਅਤੇ ਤਿਆਗ ਪਛਾਣਦਾ ਹੈ, ਭਾਵ ਕਿਥੇ ਮਨ ਨੂੰ ਲਾਣਾ ਹੈ ਕਿਥੇ ਨਹੀਂ। ਗੁਰਮੁਖ ਆਪ ਤਾਂ ਤਰਿਆ ਹੀ ਹੁੰਦਾ ਹੈ ਹੋਰਨਾਂ ਨੂੰ ਵੀ ਗੁਰੂ ਦੇ ਸ਼ਬਦ ਰਾਹੀਂ ਪਾਰ ਲਾਉਂਦਾ ਹੈ।[16]

---

[12] ਰੈਣਿ ਦਿਨਸੁ ਰਹੈ ਇਕ ਰੰਗਾ ॥ ਪ੍ਰਭ ਕਉ ਜਾਣੈ ਸਦ ਹੀ ਸੰਗਾ ॥
ਠਾਕੁਰ ਨਾਮੁ ਕੀਓ ਉਨਿ ਵਰਤਨਿ ॥ ਤ੍ਰਿਪਤਿ ਅਘਾਵਨੁ ਹਰਿ ਕੈ ਦਰਸਨਿ ॥੧॥
ਹਰਿ ਸੰਗਿ ਰਾਤੇ ਮਨ ਤਨ ਹਰੇ ॥ ਗੁਰ ਪੂਰੇ ਕੀ ਸਰਨੀ ਪਰੇ ॥੧॥ ਰਹਾਉ ॥
ਚਰਣ ਕਮਲ ਆਤਮ ਆਧਾਰ ॥ ਏਕੁ ਨਿਹਾਰਹਿ ਆਗਿਆਕਾਰ ॥
ਏਕੋ ਬਨਜੁ ਏਕੋ ਬਿਉਹਾਰੀ ॥ ਅਵਰੁ ਨ ਜਾਨਹਿ ਬਿਨੁ ਨਿਰੰਕਾਰੀ ॥੨॥
ਹਰਖ ਸੋਗ ਦੁਹਹੂੰ ਤੇ ਮੁਕਤੇ ॥ ਸਦਾ ਅਲਿਪਤੁ ਜੋਗ ਅਰੁ ਜੁਗਤੇ ॥
ਦੀਸਹਿ ਸਭ ਮਹਿ ਸਭ ਤੇ ਰਹਤੇ ॥ ਪਾਰਬ੍ਰਹਮ ਕਾ ਓਇ ਧਿਆਨੁ ਧਰਤੇ ॥੩॥
ਸੰਤਨ ਕੀ ਮਹਿਮਾ ਕਵਨ ਵਖਾਨਉ ॥ ਅਗਾਧਿ ਬੋਧਿ ਕਿਛੁ ਮਿਤਿ ਨਹੀਂ ਜਾਨਉ ॥...

ਗਉੜੀ ਗੁਆਰੇਰੀ ਮ.੫, ਪੰਨਾ 181

[13] ਕਰਿ ਕਿਰਪਾ ਜਿਸੁ ਰਾਖੈ ਆਪਿ ॥ ਸੋਈ ਭਗਤੁ ਜਪੈ ਨਾਮ ਜਾਪ ॥

ਭੈਰਉ ਮ. ੫, ਪੰਨਾ 1147

[14] ਹਰਿ ਨਾਮੁ ਧਿਆਏ ਭਗਤੁ ਜਨੁ ਸੋਈ ॥

ਰਾਮਕਲੀ ਮ.੩, ਪੰਨਾ ੪੪੦

[15] ਸੋ ਭਗਤੁ ਜੋ ਗੁਰਮੁਖਿ ਹੋਵੈ ਹਉਮੈ ਸਬਦਿ ਜਲਾਇਆ ਰਾਮ ॥ ਸੂਹੀ ਮ. ੩, ਪੰਨਾ 768

[16] ਗੁਰਮੁਖਿ ਅਸਟਸਿਧੀ ਸਭਿ ਬੁਧੀ ॥ ਗੁਰਮੁਖਿ ਭਵਜਲੁ ਤਰੀਐ ਸਚ ਸੁਧੀ ॥

ਗੁਰਬਾਣੀ ਵਿਚ ਗੁਰਮਖ ਦੀ ਪਦਵੀ ਕਈਆਂ ਨੂੰ ਦਿਤੀ ਗਈ ਹੈ। ਸਿਧ ਗੋਸਟਿ ਵਿਚ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਰਾਮਚੰਦਰ ਜੀ ਨੂੰ ਗੁਰਮੁਖ ਕਿਹਾ ਹੈ। ਨਾਲ ਹੀ ਭਭੀਖਣ ਨੂੰ ਵੀ ਇਸੇ ਵਿਸ਼ੇਸ਼ਣ ਨਾਲ ਸੰਬੋਧਿਤ ਕੀਤਾ ਹੈ। ਆਪ ਜੀ ਦੇ ਬਚਨ ਅਨੁਸਾਰ ਭਭੀਖਣ ਨੇ ਦੈਤ ਦਾ ਭੇਦ ਦਿਤਾ। ਗੁਰਮੁਖ ਸ੍ਰੀ ਰਾਮ ਚੰਦਰ ਜੀ ਨੇ ਸਾਗਰ ਉਪਰ ਪਥਰ ਵੀ ਤਰਾਅ ਦਿਤੇ ਅਤੇ ਪਥਰਾਂ ਦਾ ਪੁਲ ਬਣਾਇਆ। ਉਨ੍ਹਾਂ ਨੇ 33 ਕਰੋੜਾਂ, ਭਾਵ, ਬੇਅੰਤ ਦਾ ਉਧਾਰ ਕਰ ਦਿਤਾ।[17] ਸ੍ਰੀ ਗੁਰੂ ਰਾਮਦਾਸ ਸਾਹਿਬ ਨੇ ਵਡਹੰਸ ਕੀ ਵਾਰ ਵਿਚ ਭਗਤ ਪ੍ਰਹਲਾਦ, ਰਾਜਾ ਜਨਕ, ਰਿਸ਼ੀ ਵਿਸ਼ਿਸ਼ਟ ਨੂੰ ਇਸੇ ਸੰਗਿਆ ਨਾਲ ਸੰਬੋਧਿਤ ਕੀਤਾ ਹੈ।[18] ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਗੁਰਮੁਖ ਕਿਹਾ ਹੈ। ਉਨ੍ਹਾਂ ਦਾ ਕਥਨ ਹੈ ਕਿ ਗੁਰਮੁਖ ਕਲਜੁਗ ਵਿਚ ਪ੍ਰਗਟ ਹੋਇਆ ਹੈ ਜਿਸਨੇ ਚਾਰ ਚਕ, ਧਰਤੀ ਦੇ ਨੌਂ ਖੰਡ ਤਾਰ ਦਿਤੇ।[19]

ਹਰੀ ਦਾ ਸੰਤ, ਪਰਮਾਤਮਾ ਦੀ ਸਾਖਿਆਤ ਮੂਰਤ ਹੁੰਦਾ ਹੈ ਜਿਸਦੇ ਹਿਰਦੇ ਵਿਚ ਹਰੀ ਦਾ ਨਾਮ ਟਿਕਿਆ ਹੁੰਦਾ ਹੈ।[20] ਉਹ ਹਰ ਇਕ ਦਾ ਭਲਾ ਹੀ ਕਰਦਾ ਹੈ। ਸੰਤ ਆਪਣਾ ਵਜੂਦ ਆਪਣੀ ਸੰਤਤਾਈ ਨਹੀਂ ਗੁਆਂਦੇ, ਚਾਹੇ ਉਨ੍ਹਾਂ ਨੂੰ ਕਿਤਨੇ ਵੀ ਗ਼ਲਤ ਲੋਕ ਮਿਲਦੇ ਰਹਿਣ। ਅਸੰਤਾਂ ਦਾ ਸੰਤਾਂ ਉਤੇ ਕੁਪ੍ਰਭਾਵ ਕਦੇ ਨਹੀਂ ਪੈਦਾ, ਉਹ ਆਪਣੇ ਸੁਭਾਅ ਤੇ ਕਾਇਮ ਰਹਿੰਦੇ ਹਨ।[21] ਸਗੋਂ ਸੰਤਾਂ ਦਾ ਪ੍ਰਭਾਵ ਹੀ ਅਸੰਤ ਜਨਾ ਤੇ ਪੈਂਦਾ ਹੈ। ਸੰਤ ਹਮੇਸ਼ਾ ਦੁਨੀਆਂ ਤੇ ਪਰਉਪਕਾਰ ਹੀ ਕਰਦੇ ਹਨ। ਉਨ੍ਹਾਂ ਦਾ ਸੁਭਾਅ ਹੀ ਪਰਉਪਕਾਰ ਵਾਲਾ ਹੁੰਦਾ ਹੈ। ਆਪ ਉਹ

---

ਗੁਰਮੁਖਿ ਸਰ ਅਪਸਰ ਬਿਧਿ ਜਾਣੈ ॥ ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ ॥
ਗੁਰਮੁਖਿ ਤਾਰੇ ਪਾਰਿ ਉਤਾਰੇ ॥ ਨਾਨਕ ਗੁਰਮੁਖਿ ਸਬਦਿ ਨਿਸਤਾਰੇ ॥੩੧॥
ਰਾਮਕਲੀ ਮ. ੧ ਸਿਧ ਗੋਸਟਿ, ਪੰ. 941

[17] ਗੁਰਮੁਖਿ ਬਾਂਧਿਓ ਸੇਤੁ ਬਿਧਾਤੈ ॥ ਲੰਕਾ ਲੂਟੀ ਦੈਤ ਸੰਤਾਪੈ॥
ਰਾਮਚੰਦਿ ਮਾਰਿਓ ਅਹਿ ਰਾਵਣੁ ॥ ਭੇਦੁ ਬਭੀਖਣ ਗੁਰਮੁਖਿ ਪਰਚਾਇਣੁ ॥
ਗੁਰਮੁਖਿ ਸਾਇਰਿ ਪਾਹਣ ਤਾਰੇ ॥ ਗੁਰਮੁਖਿ ਕੋਟਿ ਤੇਤੀਸ ਉਧਾਰੇ ॥੪੦॥ ਉਹੀ, ਪੰਨਾ 942

[18] ਗੁਰਮੁਖਿ ਪ੍ਰਹਿਲਾਦਿ ਜਪਿ ਹਰਿ ਗਤਿ ਪਾਈ ॥
ਗੁਰਮੁਖਿ ਜਨਕਿ ਹਰਿ ਨਾਮ ਲਿਵ ਲਾਈ ॥
ਗੁਰਮੁਖਿ ਬਸਿਸਟਿ ਹਰਿ ਉਪਦੇਸ਼ ਸੁਣਾਈ ॥ (ਵਡਹੰਸ ਕੀ ਵਾਰ ਮ. ੪), ਪੰਨਾ 591

[19] ਬਾਬੇ ਤਾਰੇ ਚਾਰਿ ਚਕਿ ਨਉਖੰਡਿ ਪ੍ਰਿਥਮੀ ਸਚਾ ਢੋਆ ॥
ਗੁਰਮੁਖਿ ਕਲਿ ਵਿਚਿ ਪਰਗਟੁ ਹੋਆ ॥੨੭॥ ਵਾਰਾਂ ਭਾਈ ਗੁਰਦਾਸ 1.27

[20] ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ ਜਿਸੁ ਹਿਰਦੈ ਹਰਿ ਨਾਮੁ ਮੁਰਾਰਿ ॥
ਭੈਰਉ ਮ. ੪, ਪੰਨਾ 1134

[21] ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ ॥
ਸਲੋਕ ਕਬੀਰ ਜੀ, ਪੰਨਾ 1371

ਜਨਮ ਮਰਨ ਤੋਂ ਰਹਿਤ ਹੁੰਦੇ ਹਨ। ਹੋਰਨਾਂ ਨੂੰ ਵੀ ਨਾਮ ਰੂਪੀ ਜੀਅ ਦਾਨ ਦੇ ਕੇ ਹਰੀ ਨਾਲ ਮਿਲਾਪ ਕਰਵਾ ਦਿੰਦੇ ਹਨ।[22] ਨਾਮ ਦਾਨ ਸਭ ਤੋਂ ਵਡਾ ਦਾਨ ਹੈ ਜੋ ਗੁਰੂ ਪਾਸੋਂ ਹੀ ਮਿਲ ਸਕਦਾ ਹੈ। ਇਸ ਲਈ ਸੰਤ ਦੀ ਇਸ ਅਵਸਥਾ ਬਾਰੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਫ਼ੁਰਮਾਇਆ ਹੈ ਕਿ ਬ੍ਰਹਮਗਿਆਨੀ ਨੂੰ ਦੂਜਿਆਂ ਦੇ ਉਪਕਾਰ ਦਾ ਚਾਉ ਚੜਿਆ ਰਹਿੰਦਾ ਹੈ।[23] ਇਹ ਉਸਦਾ ਸੁਭਾਅ ਬਣ ਜਾਂਦਾ ਹੈ। ਉਨ੍ਹਾਂ ਦਾ ਸਭ ਤੋਂ ਵਡਾ ਕੰਮ ਹੀ ਜਗਤ ਦਾ ਉਧਾਰ ਕਰਨ ਦਾ ਹੁੰਦਾ ਹੈ।[24] ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਗਤ ਉਧਾਰਨ ਦਾ ਕੰਮ ਕੀਤਾ। ਸੰਤ ਸਭ ਨੂੰ ਨਾਮ ਦਾ ਦਾਨ ਦੇ ਕੇ ਪਾਰ ਲਗਾਂਦੇ ਹਨ। ਨਾਮ ਦਾ ਦਾਨ ਉਹੀ ਦੇ ਸਕਦਾ ਹੈ ਜਿਸ ਦੇ ਆਪਣੇ ਕੋਲ ਹੋਵੇ। ਸੰਤ ਨਾਮ ਦਾ ਖਜ਼ਾਨਾ ਹੁੰਦੇ ਹਨ। ਦੇਖਣ ਨੂੰ ਤਾਂ ਕਈ ਵੇਰ ਅਜਿਹਾ ਪ੍ਰਤੀਤ ਨਹੀਂ ਹੁੰਦਾ ਕਿਉਂਕਿ ਦੁਨੀਆਂ ਵਿਚ ਵਿਚਰਦਿਆਂ ਉਹ ਆਪ ਮਨੁਖ ਵਾਂਗ ਵਿਚਰ ਰਹੇ ਹੁੰਦੇ ਹਨ ਜਿਸ ਨਾਲ ਬਹੁਤ ਵੇਰ ਆਮ ਮਨੁਖ ਨੂੰ ਭੁਲੇਖਾ ਲਗਣਾ ਸੁਭਾਵਕ ਹੀ ਹੈ।

ਭਾਈ ਨੰਦ ਲਾਲ ਦੀ ਨੇ ਸੰਤ ਦੇ ਲਛਣਾਂ ਬਾਰੇ ਬੜਾ ਸੁੰਦਰ ਚਿਤਰ ਪੇਸ਼ ਕੀਤਾ ਹੈ। ਉਨ੍ਹਾਂ ਅਨੁਸਾਰ ਸੰਤਾਂ ਦਾ ਸੁਭਾਅ ਹੈ ਕਿ "ਉਹ ਸਭ ਦਾ ਮਨ ਖੁਸ਼ ਰਖਦੇ ਹਨ ਅਤੇ ਹਰ ਹਾਲਤ ਵਿਚ ਅਕਾਲ ਪੁਰਖ ਨਾਲ ਯਾਰੀ ਬਣਾਈ ਰਖਦੇ ਹਨ। ਵੇਖਣ ਵਿਚ ਉਹ ਕਰਤਾਰ ਦੀ ਮੂਰਤ ਦਿਖਾਈ ਦਿੰਦੇ ਹਨ ਅਤੇ ਅਸਲ ਵਿਚ ਹੀ ਉਹ ਦੋਹਾਂ ਲੋਕਾਂ ਦੀ ਓਟ ਹਨ। ਸੰਤ ਵੇਖਣ ਵਿਚ ਧੂਲ ਦਾ ਕਿਣਕਾ ਲਗਦੇ ਹਨ, ਸਚ ਜਾਣੋ ਉਹ ਭਾਰੀ ਘੋੜ ਸਵਾਰ ਭਾਵ ਯੋਧੇ ਹਨ। ਜਗਤ ਦੇ ਬਿਉਹਾਰ ਕਰਦੇ ਉਹ ਜਗਤ ਤੋਂ ਨਿਰਾਸ ਹੁੰਦੇ ਹਨ ਆਪਣੀ ਉਮਰ ਪਰਮਾਤਮਾ ਦੇ ਸਿਮਰਨ ਵਿਚ ਬਤੀਤ ਕਰਦੇ ਹਨ। ਆਪਣੇ ਆਪ ਨੂੰ ਉਹ ਕੀੜੀ ਤੁਲ ਸਮਝਦੇ ਹਨ, ਪਰ ਉਹ ਅਸਲ ਵਿਚ ਮਸਤ ਹਾਥੀ ਤੋਂ ਵੀ ਵਧ ਬਲਵਾਨ ਹਨ।"[25] "ਸੰਤ ਵੇਖਣ ਵਿਚ ਦੁਨੀਆਦਾਰ ਲਗਦੇ ਹਨ ਪਰ ਅਸਲ ਵਿਚ ਉਹ ਦੁਨੀਆਂ ਤੋਂ ਨਿਰਲੇਪ ਹਨ, ਉਹ ਅਕਾਲੀ ਜੋਤ ਨੂੰ ਜ਼ਾਹਰਾ ਵੇਖਦੇ ਹਨ। ਵੇਖਣ ਵਿਚ ਉਹ ਦੁਨੀਆ ਵਿਚ ਬਝੇ ਹੋਏ ਹਨ ਪਰ ਅਸਲ ਵਿਚ ਉਹ ਪ੍ਰਮਾਤਮਾ ਨਾਲ ਇਕ

---

[22] ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥

ਸੂਹੀ ਮ. ੫, ਪੰਨਾ 745

[23] ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥

ਗਉੜੀ ਸੁਖਮਨੀ ਮ. ੫, ਪੰਨਾ 273

[24] ਜਗਤੁ ਉਧਾਰਨ ਸੰਤ ਤੁਮਾਰੇ ਦਰਸਨੁ ਪੇਖਤ ਰਹੇ ਅਘਾਇ ॥

ਆਸਾ ਮ. ੫, ਪੰਨਾ 373

[25] ਜਿੰਦਗੀਨਾਮਾ, ਭਾਈ ਨੰਦ ਲਾਲ, ੨੩੦-੩੩.

ਮਿਕ ਹੁੰਦੇ ਹਨ।[26] ਵੇਖਣ ਵਿਚ ਉਹ ਪੁਤਰ-ਕਲੱਤਰ ਵਿਚ ਫ਼ਸੇ ਹੋਏ ਹਨ ਪਰ ਅਸਲ ਵਿਚ ਉਨ੍ਹਾਂ ਦਾ ਪਕਾ ਰਿਸ਼ਤਾ ਮਾਲਕ ਨਾਲ ਹੈ।[27] ਵੇਖਣ ਵਿਚ ਤਾਂ ਉਹ ਲਬ ਲੋਭ ਵਿਚ ਫ਼ਸੇ ਹੋਏ ਹਨ ਪਰ ਅਸਲ ਵਿਚ ਉਹ ਪਰਮਾਤਮਾ ਦੇ ਸਿਮਰਨ ਨਾਲ ਪਵਿਤਰ ਹੋਏ ਹੁੰਦੇ ਹਨ।[28] ਵੇਖਣ ਵਿਚ ਤਾਂ ਉਹ ਊਠ ਘੋੜਿਆਂ ਦੇ ਵਪਾਰ ਵਿਚ ਰੁਝੇ ਹੋਏ ਹਨ ਪਰ ਅਸਲ ਵਿਚ ਉਹ ਤਾਂ ਦੁਨੀਆਂ ਦੇ ਰੌਲੇ-ਗੌਲੇ ਤੋਂ ਉਪਰ ਹਨ।[29] ਵੇਖਣ ਵਿਚ ਉਹ ਸੋਨਾ ਚਾਂਦੀ ਜੋੜਨ ਵਿਚ ਲਗੇ ਹੋਏ ਹਨ, ਅਸਲ ਵਿਚ ਉਹ ਤਾਂ ਜਲ-ਥਲ ਦੇ ਸਾਈਂ ਦੇ ਨਾਲ ਹਨ। ਹੌਲੀ ਹੌਲੀ ਉਨ੍ਹਾਂ ਦਾ ਅਸਲੀ ਰੂਪ, ਜੀਵਨ ਪ੍ਰਗਟ ਹੋ ਜਾਂਦਾ ਹੈ ਅਤੇ ਕਸਤੂਰੀ ਵਾਂਗ ਮਹਿਕ ਆਉਣ ਲਗ ਪੈਂਦੀ ਹੈ।[30] ਅੰਦਰੋਂ ਬਾਹਰੋਂ ਇਕ ਸਮਾਨ ਹੋ ਜਾਂਦੇ ਹਨ ਅਤੇ ਲੋਕ ਪ੍ਰਲੋਕ ਉਨ੍ਹਾਂ ਸੰਤਾਂ ਦੇ ਹੁਕਮ ਵਿਚ ਚਲਦਾ ਹੈ। ਉਹ ਪ੍ਰਭੂ ਨੂੰ ਮਨ ਅਤੇ ਬਚਨ ਨਾਲ ਜਪਦੇ ਹਨ, ਉਨ੍ਹਾਂ ਦੀ ਜ਼ੁਬਾਨ ਉਸਦੀ ਯਾਦ ਵਿਚ ਮਨ ਬਣ ਜਾਂਦੀ ਹੈ ਅਤੇ ਮਨ ਜ਼ਬਾਨ। ਰੱਬ ਤਾਂਈ ਪੁਜੇ ਹੋਏ ਦਸਦੇ ਹਨ ਕਿ ਅਸਲ ਵਿਚ ਭਗਤ ਭਗਤੀ ਵਿਚ ਹੀ ਖੁਸ਼ ਰਹਿੰਦੇ ਹਨ।"[31] ਜਦੋਂ ਕੋਈ ਮਨੁਖ ਕਿਸੇ ਸੰਤ ਸਾਧ ਦੀ ਸੰਗਤ ਵਿਚ ਆਉਂਦਾ ਹੈ ਤਾਂ ਸੰਤ ਦਾ ਵਿਹਾਰ ਕਈ ਵੇਰ ਭੁਲੇਖਾ ਪਾ ਦਿੰਦਾ ਹੈ ਕਿ ਸੰਤ ਕੋਈ ਢੋਂਗੀ ਜਾਂ ਪਖੰਡੀ ਤਾਂ ਨਹੀ। ਕਈ ਵੇਰ ਤਾਂ ਸੰਤ ਆਪ ਹੀ ਅਜਿਹੀਆਂ ਕਾਰਵਾਈਆਂ ਕਰਦੇ ਹਨ ਕਿ ਕਚੇ ਲੋਕ ਭਜ ਖਲੋਂਦੇ ਹਨ। ਤੋੜ ਤਕ ਤਾਂ ਕੋਈ ਵਿਰਲਾ ਹੀ ਨਿਭਦਾ ਹੈ।

ਗੁਰਬਾਣੀ ਅਨੁਸਾਰ ਸੰਤ ਨਾਲ ਉਹੀ ਵਿਅਕਤੀ ਤੋੜ ਨਿਭਦਾ ਹੈ ਜਿਸਦਾ ਉਸ ਨਾਲ ਪੂਰਬਲਾ ਸੰਜੋਗ ਜਾਗ ਪੈਂਦਾ ਹੈ। ਇਹ ਸੰਜੋਗ ਧੁਰ ਦਰਗਾਹ ਤੋਂ ਹੀ ਲਿਖੇ ਹੁੰਦੇ ਹਨ ਜੋ ਸੰਤ ਦੀ ਆਪਣੀ ਸਕੀਮ ਅਨੁਸਾਰ ਚਲਦੇ ਹਨ। ਸ੍ਰੀ ਮਦ ਭਾਗਵਦ ਗੀਤਾ ਵਿਚ ਅਰਜਨ ਨੇ ਮਹਾਰਾਜ

---

[26] ਜਾਹਿਰਸ਼ ਦਰ ਕੈਦਿ ਮੁਸ਼ਤੇ ਖਾਕ ਹਸਤ ॥
ਬਾਤਿਨੋ ਊ ਬਾ ਖੁਦਾਏ ਪਾਕ ਹਸਤ ॥੩੩੮॥ ਜ਼ਿੰਦਗੀਨਾਮਾ ਭਾਈ ਨੰਦ ਲਾਲ

[27] ਜ਼ਾਹਿਰ ਅੰਦਰ ਮਾਇਲੇ ਫਰਜ਼ੰਦੁ ਜਨ ॥
ਦਰ ਹਕੀਕਤ ਬਾ ਖੁਦਾਏ ਖੇਸ਼ਤਨ ॥੩੩੫॥ ਉਹੀ

[28] ਜਾਹਿਰ ਅੰਦਰ ਮਾਇਲੇ ਹਿਰਸੋ ਹਵਾ ॥
ਬਾਤਿਨੇ ਊ ਪਾਕ ਅਜ਼ ਯਾਦੇ ਖੁਦਾ ॥੩੩੬॥ ਉਹੀ

[29] ਜ਼ਾਹਿਰ ਅੰਦਰ ਮਾਇਲੇ ਅਸਬੋ ਸ਼ੁਤਰ ॥
ਬਾਤਿਕਸ਼ ਫ਼ਾਰਿਗ ਜ਼ਿ ਕੈਦੇ ਸ਼ੋਰੁ ਸ਼ਰ ॥੩੩੮॥ ਉਹੀ

[30] ਰਫ਼ਤਹ ਰਫ਼ਤਹ ਬਾਤਿਨਸ਼ ਜ਼ਾਹਿਲ ਸ਼ੁਦਹ ॥
ਦਰ ਹਕੀਕਤ ਤਬਲਹੈ ਅੰਬਰ ਸ਼ੁਦਹ ॥੩੩੯॥ ਉਹੀ

[31] ਵਾਸਿਲਾਨੇ ਹਕ ਚਿਨੀਂ ਫ਼ਰਮੂਦਹ ਅੰਦ ॥
ਬੰਦਹ ਹਾ ਦਰ ਬੰਦਗੀ ਆਸੂਦਹ ਅੰਦ ॥੩੪੨॥ ਉਹੀ

ਸ੍ਰੀ ਕ੍ਰਿਸ਼ਨ ਜੀ ਨੂੰ ਪ੍ਰਸ਼ਨ ਕੀਤਾ ਸੀ ਕਿ ਤੁਸੀਂ ਜਦੋਂ ਦੁਨੀਆਂ ਤੇ ਆਉਂਦੇ ਹੋ ਤੁਹਾਡੇ ਨਾਲ ਹਰ ਵਾਰੀ ਤੁਹਾਡੇ ਉਹੀ ਉਪਾਸ਼ਕ ਜਾਂ ਚੇਲੇ ਆਉਂਦੇ ਹਨ ਜਾਂ ਕਿ ਹੋਰ ਹੋਰ। ਸ੍ਰੀ ਕ੍ਰਿਸ਼ਨ ਭਗਵਾਨ ਨੇ ਜਵਾਬ ਦਿਤਾ ਕਿ ਤਕਰੀਬਨ ਸਾਰੀ ਟੀਮ ਉਹੀ ਹੁੰਦੀ ਹੈ। ਕਾਰਣ ਇਹ ਕਿ ਹਰ ਮਨੁਖ ਸੰਤ ਦੀ ਝਾਲ ਨਹੀਂ ਝਲ ਸਕਦਾ। ਭਾਈ ਗੁਰਦਾਸ ਜੀ ਦਾ ਇਸ ਪ੍ਰਥਾਇੰ ਕਥਨ ਹੈ:

ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਦੀ ਝਾਲਾ॥ ਵਾਰ 1:31

ਸਿਖੀ ਖਨਿਅਉਂ ਤਿਖੀ ਹੁੰਦੀ ਹੈ। ਸੰਤ ਦੇ ਨਾਲ ਉਹ ਨਿਭਦੇ ਹਨ ਜੋ ਦਾਗੇ ਹੋਏ ਹਨ। ਬਿਨਾ ਦਾਗੇ ਘੋੜੇ ਰਣ ਭੂਮੀ ਵਿਚੋਂ ਨਸ ਜਾਂਦੇ ਹਨ, ਉਹ ਜੰਗ ਦੀ ਝਾਲ ਨਹੀਂ ਝਲ ਸਕਦੇ। ਵਾਹਗੁਰੂ ਦੇ ਭਗਤ ਨੂੰ ਪਛਾਣਨ ਲਈ ਵੀ ਸਾਧੂ ਹੀ ਚਾਹੀਦਾ ਹੈ, ਆਮ, ਭਗਤੀ ਤੋਂ ਵਿਹੂਣਾ ਮਨੁਖ ਭਗਤ ਨੂੰ ਕਿਵੇਂ ਪਛਾਣ ਸਕਦਾ ਹੈ! ਅਜਿਹੇ ਨੂੰ ਹੀ ਵਾਹਗੁਰੂ ਆਪਣੇ ਖਜ਼ਾਨੇ, ਭਾਵ ਟੀਮ ਵਿਚ ਸ਼ਾਮਲ ਕਰਦਾ ਹੈ।[32] ਇਸ ਤਰ੍ਹਾਂ ਸੰਤ ਦੇ ਪਕਾਏ ਹੋਏ ਉਚੀ ਅਵਸਥਾ ਵਾਲੇ ਮਰਜੀਵੜੇ ਹੀ ਉਸਦੀ ਝਾਲ ਝਲ ਸਕਦੇ ਹਨ। ਇਹੋ ਜਿਹੇ ਮਰਜੀਵੜੇ, ਉਹ ਵਕਤ ਦਾ ਮਹਾਤਮਾ, ਚੁਣ ਚੁਣ ਤੇ ਇਕੱਠੇ ਕਰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਵੀ ਬਿਆਨ ਕਰਦੇ ਹਨ ਕਿ ਮੈਂ ਸਚ ਰੂਪੀ ਧਰਮਸਾਲ ਬੰਨ੍ਹੀ ਹੈ ਅਤੇ ਗੁਰਸਿਖਾਂ ਨੂੰ ਭਾਲ ਭਾਲ ਕੇ ਲੈਂਦਾ ਹਾਂ।[33] ਗਲ ਹੈ ਵੀ ਠੀਕ। ਇਕ ਫ਼ੌਜ ਵਿਚ ਕੋਈ ਅਫ਼ਸਰ ਰਖਣਾ ਹੋਵੇ ਤਾਂ ਉਸਦੀ ਕੋਈ ਨਿਰਧਾਰਤ ਯੋਗਤਾ ਹੁੰਦੀ ਹੈ ਫ਼ਿਰ ਕਈ ਤਰ੍ਹਾਂ ਦੇ ਲਿਖਤੀ ਪੇਪਰ ਹੁੰਦੇ ਹਨ। ਫ਼ਿਰ ਬਹੁਤ ਸਖ਼ਤ ਲੰਮੀ ਇੰਟਰਵਿਊ ਤੋਂ ਉਪਰੰਤ ਕਰੜੀ ਟਰੇਨਿੰਗ ਹੁੰਦੀ ਹੈ। ਫ਼ਿਰ ਕਿਤੇ ਜਾ ਕੇ ਉਹ ਬੰਦਾ ਅਫ਼ਸਰ ਲਗਦਾ ਹੈ। ਮਹਾਤਮਾ ਜਾਂ ਸੰਤ ਦੁਨੀਆਂ ਤੇ ਕਿਸੇ ਖ਼ਾਸ ਮਿਥੇ ਮਨੋਰਥ ਲਈ ਹੀ ਪਰਮੇਸ਼ਰ ਦੁਆਰਾ ਭੇਜਿਆ ਜਾਂਦਾ ਹੈ।[34] ਇਨੇ ਵਡੇ ਮਨੋਰਥ ਲਈ ਉਚੇ ਦਰਜੇ ਦੇ ਤਕੜੇ ਫ਼ੌਜੀ ਸਟਾਫ਼ ਦੀ ਲੋੜ ਲਾਜ਼ਮੀ ਹੈ। ਸੋ ਇਸ ਕਰਕੇ ਉਹ ਮਹਾਤਮਾ, ਉਸ ਕਾਰਜ ਦੀ ਪੂਰਤੀ ਕਰਵਾਉਣ ਲਈ ਚੁਣੇ ਹੋਏ ਸਿਖ ਸੇਵਕ ਹੀ ਲੈ ਕੇ ਦੁਨੀਆਂ ਵਿਚ ਆਉਂਦਾ ਹੈ। ਅਤੇ ਫ਼ਿਰ ਪਰਮੇਸ਼ਰ ਆਪਣੇ ਭੇਜੇ ਹੋਏ ਉਸ ਮਹਾਤਮਾ ਤੋਂ ਬਾਹਰਾ ਨਹੀਂ ਹੁੰਦਾ।[35] ਪਰਮਾਤਮਾ ਦੇ ਸੁੰਦਰ ਚਰਨਾਂ ਵਿਚ, ਭਾਵ, ਨਾਮ ਸਿਮਰਨ ਵਿਚ ਅਤੇ ਸੰਤਾਂ ਦੇ

---

[32] ਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ ॥
ਸਾਧੂ ਹੋਇ ਸੁ ਭਗਤਿ ਪਛਾਣੈ ਹਰਿ ਲਏ ਖਜਾਨੈ ਪਾਈ॥ ਰਾਮਕਲੀ, ਕਬੀਰ ਜੀ, ਪੰਨਾ 970

[33] ਮੈ ਬਧੀ ਸਚ ਧਰਮਸਾਲ ਹੈ ਗੁਰਸਿਖਾ ਲਹਦਾ ਭਾਲਿ ਕੈ ॥
ਸਿਰੀ ਰਾਗ ਮ. ੫, ਪੰਨਾ 73

[34] ਮੈ ਆਪਨਾ ਸੁਤ ਤੋਹਿ ਨਿਵਾਜਾ ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥
ਸ੍ਰੀ ਗੁਰੂ ਗੋਬਿੰਦ ਸਿੰਘ, ਬਚਿਤ੍ਰ ਨਾਟਕ, ੬.੨੯

[35] ਜੋ ਲੋੜੀਦੇ ਰਾਮ ਸੇਵਕ ਸੇਈ ਕਾਂਢਿਆ ॥
ਨਾਨਕ ਜਾਣੇ ਸਤਿ ਸਾਂਈ ਸੰਤ ਨ ਬਾਹਰਾ॥ ਵਡਹੰਸ ਮਹਲਾ ੫, ਪੰਨਾ 563

ਉਪਦੇਸ਼ ਤੇ ਉਨ੍ਹਾਂ ਦੇ ਅਨੁਸਾਰ ਕੋਈ ਵਿਰਲਾ ਸਾਧੂ ਹੀ ਚਲ ਸਕਦਾ ਹੈ।[36] ਇਹ ਕਥਨ ਗੁਰਬਾਣੀ ਵਿਚ ਬਹੁਤ ਵੇਰ ਜ਼ੋਰ ਦੇ ਕੇ ਆਇਆ ਹੈ। ਇਸੇ ਕਰਕੇ ਸਾਧੂ ਦੀ ਸੰਗਤ ਵਿਚ ਉਹੀ ਸਿਖ ਸੇਵਕ ਹੀ, ਉਸ ਮਹਾਤਮਾ ਨੂੰ ਆ ਕੇ ਮਿਲਦੇ ਹਨ ਜਿੰਨ੍ਹਾਂ ਦਾ ਉਸ ਨਾਲ ਧੁਰੋਂ ਹੀ ਸੰਜੋਗ ਮਿਲਾਇਆ ਗਿਆ ਹੁੰਦਾ ਹੈ ਦੂਜੇ ਨਹੀਂ।[37] ਵੈਸੇ ਤਾਂ ਉਸਨੂੰ ਕਈ ਲੋਕ ਰੋਜ਼ ਮਿਲਦੇ-ਵੇਖਦੇ ਹਨ ਪਰ ਉਹ ਸਾਰੇ ਉਸਦੀ ਟੀਮ ਦੇ ਮੈਂਬਰ ਨਹੀਂ ਹੋ ਸਕਦੇ।[38] ਕੇਵਲ ਉਸਦੇ ਅਨੁਸਾਰੀ ਹੀ ਉਸਦੀ ਮਿਹਰ ਦੇ ਪਾਤਰ ਹੋ ਸਕਦੇ ਹਨ। ਅਜਿਹੇ ਵਡੇ ਭਾਗਾਂ ਵਾਲੇ ਮਨੁਖ ਬਹੁਤ ਥੋੜੇ ਹੀ ਹੁੰਦੇ ਹਨ। ਕਿਉਂਕਿ ਇਹ ਕੋਈ ਸੌਖਾ ਕੰਮ ਨਹੀਂ ਜੋ ਹਰ ਇਕ ਸਹਿਜੇ ਹੀ ਕਰ ਲਵੇ। ਸੰਤਾਂ ਦੀ ਸੰਗਤ ਹਰ ਵਿਅਕਤੀ ਦੇ ਵਸ ਦੀ ਗਲ ਨਹੀਂ ਹੁੰਦੀ। ਉਹ ਕਿਸ ਅਵਸਥਾ ਵਿਚ ਬੈਠੇ ਕਿਥੇ, ਕਿਥੇ, ਕੀ, ਕੀ, ਕਰ ਰਹੇ ਹੁੰਦੇ ਹਨ, ਅਤੇ ਕਿਉਂ ਕਰ ਰਹੇ ਹੁੰਦੇ ਹਨ ਆਮ ਮਨੁਖ ਦੀ ਸਮਝ ਤੋਂ ਪਰੇ ਦੀ ਗਲ ਹੈ। ਅਜਿਹੇ ਸੰਤਾਂ ਦੀ ਚਾਕਰੀ ਬਹੁਤ ਕਰੜੀ ਅਤੇ ਖੰਨਿਅਹੁ ਤਿਖੀ ਹੁੰਦੀ ਹੈ।[39] ਦੁਨੀਆਂ ਦਾ ਰਾਜ ਸੰਤਾਂ ਪਾਸ ਹੁੰਦਾ ਹੈ, ਉਹ ਜਿਥੇ ਜਿਥੇ ਜੋ ਜੋ ਕਰਦੇ ਹਨ, ਪਰਮਾਤਮਾ ਦੀ ਮਰਜ਼ੀ ਅਨੁਸਾਰ ਕਰਦੇ ਹਨ। ਉਨ੍ਹਾਂ ਅਗੇ ਕੋਈ ਰੁਕਾਵਟ ਨਹੀਂ ਬਣ ਸਕਦਾ ਕਿਉਂਕਿ ਪ੍ਰਭੂ ਨੇ ਪ੍ਰਭੂਸਤਾ ਉਨ੍ਹਾਂ ਨੂੰ ਹੀ ਸੌਂਪੀ ਹੁੰਦੀ ਹੈ।[40] ਇਥੋਂ ਤਕ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਬ੍ਰਹਮਗਿਆਨੀ ਨੂੰ ਸਾਰੀ ਸ੍ਰਿਸ਼ਟੀ ਦਾ ਸਾਜਨਹਾਰ ਜਾਂ ਕਰਤਾ ਦੀ ਸੰਗਿਆ ਦਿਤੀ ਹੈ। ਇਥੋਂ ਤਕ ਵਾਹਿਗੁਰੂ ਦਾ ਫ਼ੁਰਮਾਨ ਹੈ ਕਿ ਉਸਦਾ ਬੰਨ੍ਹਿਆਂ ਹੋਇਆ, ਉਸਦਾ ਭਗਤ ਛਡਾਅ ਸਕਦਾ ਹੈ ਪਰ ਭਗਤ ਦਾ ਬੰਨ੍ਹਿਆਂ ਹੋਇਆ ਪਰਮੇਸਰ ਨਹੀਂ ਛਡਾਂਦਾ। ਇਸ ਤੋਂ ਵੀ ਵਧ – ਭਗਤ, ਸੰਤ ਤਾਂ ਵਾਹਿਗੁਰੂ ਨੂੰ ਵੀ ਆਪਣੇ ਪ੍ਰੇਮ ਵਿਚ ਬੰਨ੍ਹ ਦਿੰਦੇ ਹਨ।[41]

---

[36] ਚਰਨ ਕਮਲ ਆਨੂਪ ਹਰਿ ਸੰਤ ਮੰਤ ॥ ਕੋਊ ਲਾਗੈ ਸਾਧੂ ॥

ਆਸਾ ਮਹਲਾ ੫, ਪੰਨਾ 380

[37] ਨਾਨਕ ਸਤਿਗੁਰੁ ਤਿਨਾ ਮਿਲਾਇਆ ਜਿਨਾ ਧੁਰੇ ਪਇਆ ਸੰਜੋਗੁ ॥*

ਰਾਮਕਲੀ ਕੀ ਵਾਰ ਮ. ੫, ਪੰਨਾ 957

*ਇਥੇ ਸਿਖਾਂ ਵਿਚ ਆਮ ਤੌਰ ਤੇ ਇਹ ਪੰਕਤੀ ਦੁਨਿਆਵੀ ਵਰ-ਵਧੂ ਦੇ ਸੰਜੋਗ ਲਈ ਵਰਤ ਲਈ ਜਾਂਦੀ ਹੈ ਜੋ ਗੁਰਬਾਣੀ ਦੇ ਮਿਥੇ ਟੀਚੇ ਮੁਤਾਬਿਕ ਅਯੋਗ ਹੈ।

[38] ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥

ਵਡਹੰਸ ਕੀ ਵਾਰ ਮ. ੪, ਸਲੋਕ ਮ. ੩, ਪੰਨਾ 594

[39] ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰ ॥ ਸਲੋਕ ਮ. ੪, ਪੰਨਾ 1422

[40] ਸਚਾ ਅਮਰੁ ਸਚੀ ਪਾਤਿਸਾਹੀ ਸਚੇ ਸੇਤੀ ਰਾਤੇ ॥ ਸੂਹੀ ਮ. ੫, ਪੰਨਾ 749
ਅਤੇ –
ਕੋਟਿ ਲਾਖ ਸਰਬ ਕੋ ਰਾਜਾ ਜਿਸੁ ਹਿਰਦੈ ਨਾਮੁ ਤੁਮਾਰਾ ॥ ਮਾਰੂ ਮ. ੫, ਪੰਨਾ 1003

[41] ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥

ਗੁਰਬਾਣੀ ਵਿਚ ਇਕ ਹੋਰ ਸਭ ਤੋਂ ਮਹੱਤਵਪੂਰਨ ਕਥਨ ਜੋ ਸੰਤ ਬਾਰੇ ਆਇਆ ਹੈ ਉਹ ਇਹ ਕਿ ਸੰਤ, ਪੁਰਖ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੂਲ ਮੰਤਰ ਵਿਚ ਜੋ ਪਰਮਾਤਮਾ ਦੇ 14 ਗੁਣ ਦਸੇ ਹਨ ਉਨ੍ਹਾਂ ਵਿਚੋਂ ਛੇਵੇਂ ਨੰਬਰ ਤੇ 'ਪੁਰਖ' ਆਉਂਦਾ ਹੈ। ਪੁਰਖ ਸ਼ਬਦ ਦਾ ਸ਼ਾਬਦਿਕ ਅਰਥ ਹੈ ਪੁਰੀ ਵਿਚ ਵਾਸ ਕਰਨ ਵਾਲਾ। ਭਾਵ ਇਸ ਦੁਨੀਆਂ ਵਿਚ ਵਾਸ ਕਰਨ ਵਾਲਾ। ਦੁਨੀਆਂ ਵਿਚ ਵਾਸ ਕਰਨ ਵਾਲਾ ਵੀ ਅਤੇ ਨਾਲ ਹੀ ਆਪਣੀ ਹੋਂਦ ਇਸ ਤੋਂ ਵਖਰੀ ਕਾਇਮ ਰਖਣ ਵਾਲਾ ਵੀ। ਇਹ ਅਜਿਹਾ ਨਹੀਂ ਕਿ ਕੇਵਲ ਦੁਨੀਆਂ ਵਿਚ ਹੀ ਹੋਵੇ ਤੇ ਇਸਤੋਂ ਇਲਾਵਾ ਕੁਝ ਵੀ ਨਹੀਂ ਅਤੇ ਅਜਿਹਾ ਵੀ ਨਹੀਂ ਕਿ ਜੋ ਦੁਨੀਆਂ ਤੋਂ ਵਖਰਾ ਕਿਸੇ ਸਤਵੇਂ ਅਕਾਸ਼ ਵਿਚ ਬੈਠਾ ਤਮਾਸ਼ਾ ਹੀ ਦੇਖ ਰਿਹਾ ਹੋਵੇ ਤੇ ਦੁਨੀਆਂ ਦੇ ਅੰਗ ਸੰਗ ਨਾ ਹੋਵੇ। ਗੁਰਬਾਣੀ ਵਿਚ ਅਜਿਹੀ ਹੀ ਸੰਗਿਆ ਸੰਤ ਨੂੰ ਵੀ ਦਿਤੀ ਗਈ ਹੈ। ਪਰਮਾਤਮਾ ਦੇ ਸਾਰੇ ਗੁਣ ਸੰਤ ਵਿਚ ਹੁੰਦੇ ਹਨ। ਉਸਦੇ ਅਤੇ ਸੰਤ ਵਿਚ ਕੋਈ ਭੇਦ ਨਹੀਂ ਹੁੰਦਾ। ਪਰ ਅਜਿਹੇ ਸੰਤ, ਸਾਧ, ਮਹਾਂਪੁਰਖ ਬਹੁਤ ਘਟ ਹੁੰਦੇ ਹਨ।[42] ਹਰੀ ਦੇ ਸੰਤ ਹੀ ਹਰੀ ਦੀ ਮੂਰਤ ਹੁੰਦੇ ਹਨ।[43] ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਨੇ ਵੀ ਫ਼ੁਰਮਾਣ ਕੀਤਾ ਹੈ ਕਿ ਹਰੀ ਵਿਚ ਅਤੇ ਹਰੀ ਦੇ ਜਨ ਭਾਵ ਭਗਤ ਜਾਂ ਸੰਤ ਵਿਚ ਕੋਈ ਅੰਤਰ ਨਹੀਂ ਹੁੰਦਾ।[44] ਇਸ ਕਰਕੇ ਪਰਮਾਤਮਾ ਦੀ ਤਰ੍ਹਾਂ ਉਸ ਦੇ ਸੰਤ ਵੀ ਉਸ ਵਾਂਗੂ ਪੁਰਖ ਹੀ ਹੁੰਦੇ ਹਨ। ਰਾਮਕਲੀ ਦੀ ਸਦ ਵਿਚ ਸਪਸ਼ਟ ਤੌਰ ਤੇ ਭਗਤ ਨੂੰ ਪੁਰਖ ਕਿਹਾ ਗਿਆ ਹੈ।[45] ਸ੍ਰੀ ਗੁਰੂ ਅਰਜਨ ਸਾਹਿਬ ਨੇ ਭਗਤ ਨੂੰ ਪੂਰਨ ਪੁਰਖ ਕਿਹਾ ਹੈ।[46] ਸ੍ਰੀ ਗੁਰੂ ਰਾਮ ਦਾਸ ਸਾਹਿਬ ਨੇ ਕਲਿਆਨ ਰਾਗ ਵਿਚ ਸਾਧੂ ਨੂੰ ਪੁਰਖ ਸੰਗਿਆ ਦਿਤੀ ਹੈ।[47] ਪੁਰਖ ਸ਼ਬਦ ਇਥੇ ਸੰਤ ਦੇ ਉਸ ਪੁਰਖ ਪਰਮਾਤਮਾ ਦਾ ਰੂਪ ਹੋਣ ਵਲ ਇਸ਼ਾਰਾ ਹੈ ਜੋ ਸ੍ਰਿਸ਼ਟੀ ਵਿਚ ਵਿਆਪਕ ਹੈ ਅਤੇ ਦੂਜੇ ਉਸਦੇ ਜੀਉਂਦੇ ਜਾਗਦੇ ਸਾਹ ਲੈਂਦਾ ਵਿਅਕਤੀ ਹੋਣ ਵਲ ਇਸ਼ਾਰਾ ਹੈ ਜੋ ਪਰਮਾਤਮਾ ਦੇ ਨਾਮ ਨਾਲ ਰੰਗਿਆ ਹੋਇਆ ਹੈ। ਕਿਉਂਕਿ ਭਗਤ ਦੇ ਜੰਮਣ ਬਾਰੇ ਵੀ ਗੁਰਬਾਣੀ

---

ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥

ਸਾਰੰਗ, ਨਾਮਦੇਵ ਜੀ, ਪੰਨਾ 1252-53

[42] ਰਾਮ ਸੰਤ ਮਹਿ ਭੇਦੁ ਕਿਛੁ ਨਾਹੀ ਏਕੁ ਜਨੁ ਕਈ ਮਹਿ ਲਾਖ ਕਰੋਰੀ ॥

ਗਉੜੀ ਮ. ੫, ਪੰਨਾ 208-09

[43] ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ ਜਿਸੁ ਹਿਰਦੈ ਹਰਿ ਨਾਮੁ ਮੁਰਾਰਿ ॥

ਭੈਰਉ ਮ. ੪, ਪੰਨਾ 1134

[44] ਹਰਿ ਜਨ ਹਰਿ ਅੰਤਰੁ ਨਹੀਂ ਨਾਨਕ ਸਾਚੀ ਮਾਨੁ ॥

ਸਲੋਕ ਮ. ੯, ਪੰਨਾ 1428

[45] ਭਗਤੁ ਸਤਿਗੁਰੁ ਪੁਰਖੁ ਸੋਈ ਜਿਸੁ ਹਰਿ ਪ੍ਰਭ ਭਾਣਾ ਭਾਵਏ ॥

ਰਾਮਕਲੀ ਸਦੁ, ਪੰਨਾ 923

[46] ਸੋਈ ਭਗਤੁ ਸੋਈ ਵਡਦਾਤਾ ॥ ਸੋਈ ਪੂਰਨ ਪੁਰਖੁ ਬਿਧਾਤਾ ॥

ਮਾਰੂ ਮ. ੫, ਪੰਨਾ 1086

[47] ਰਾਮ ਨਾਮ ਅਨੁਗ੍ਰਹੁ ਬਹੁ ਕੀਮਾ ਗੁਰ ਸਾਧੂ ਪੁਰਖ ਮਿਲੀਜੈ ॥

ਕਲਿਆਨ ਮ. ੪, ਪੰਨਾ 1324

ਵਿਚ ਕਈ ਥਾਂ ਜ਼ਿਕਰ ਆਇਆ ਹੈ।[48] ਵੈਸੇ ਵੀ ਇਹ ਗਲ ਸਾਬਤ ਕਰਨ ਦੀ ਲੋੜ ਨਹੀਂ ਪੈਂਦੀ ਜੇ ਪੂਰੀ ਬਾਣੀ ਨੂੰ ਸਹੀ ਪ੍ਰਸੰਗ ਵਿਚ ਗਹੁ ਨਾਲ ਵਿਚਾਰਿਆ ਜਾਵੇ। ਇਥੋਂ ਤਕ ਇਕ ਥਾਂ ਗੁਰਬਾਣੀ ਵਿਚ ਪੁਰਖ ਨੂੰ ਜੀਵਦਾ ਪੁਰਖ ਵੀ ਕਹਿ ਕੇ ਝਗੜਾ ਹੀ ਖਤਮ ਕਰ ਦਿਤਾ ਗਿਆ ਹੈ।[49]

ਪਰਮੇਸ਼ਰ ਦੇ ਸ੍ਰਿਸ਼ਟੀ ਬਣਾਉਣ ਦਾ ਪ੍ਰਯੋਜਨ ਹੀ ਸੰਤ ਪੈਦਾ ਕਰਨਾ ਹੈ।[50] ਸੰਤ ਸਖਸ਼ੀਅਤ ਦੀ ਸਿਰਜਨਾ ਹੀ ਉਸਦਾ ਅਸਲੀ ਮਨੋਰਥ ਹੈ। ਇਹ ਸ੍ਰਿਸ਼ਟੀ ਸਹਿਜੇ ਸਹਿਜੇ ਉਸੇ ਮਨੋਰਥ ਵਲ ਤੁਰੀ ਜਾ ਰਹੀ ਹੈ। ਪਰ ਇਹ ਮਨੋਰਥ ਉਹ ਵਿਕਾਸ ਦੀ ਵਿਧੀ ਨਾਲ ਪੂਰਾ ਕਰਨਾ ਚਾਹੁੰਦਾ ਹੈ, ਕੋਈ ਫੂਕ ਮਾਰ ਕੇ ਜਾਂ ਛੂ-ਮੰਤਰ ਦੀ ਵਿਧੀ ਨਾਲ ਨਹੀਂ। ਵਿਕਾਸ ਦੀ ਵਿਧੀ ਵਿਗਿਆਨ ਵੀ ਮੰਨਦਾ ਹੈ। ਡਾਰਵਿਨ ਦੀ ਵਿਕਾਸ ਦੀ ਥਿਊਰੀ ਦਸਦੀ ਹੈ ਕਿ ਸ੍ਰਿਸ਼ਟੀ ਦੀ ਉਤਪਤੀ ਅੱਖ-ਫੋਰ ਜਾਂ ਕਿਸੇ ਧਮਾਕੇ ਵਿਚ ਨਹੀਂ ਹੋਈ ਸਗੋਂ ਇਸਨੂੰ ਲਖਾਂ-ਲਖਾਂ ਸਾਲ ਲਗ ਗਏ। ਇਹ ਸਭ ਕੁਝ ਵਿਕਾਸ ਨਾਲ ਹੁੰਦਾ ਰਿਹਾ ਹੈ। ਗੈਸ ਦਾ ਇਕ ਗੋਲਾ ਜੋ ਸੂਰਜ ਤੋਂ ਵਖ ਹੋਇਆ ਸਮਝਿਆ ਜਾਂਦਾ ਹੈ, ਹੌਲੀ-ਹੌਲੀ ਠੰਡਾ ਹੋ ਕੇ ਧਰਤੀ ਬਣ ਗਿਆ ਹੈ, ਜਲ ਵੀ ਬਣਿਆ। ਫਿਰ ਇਕ ਸੈੱਲ ਵਾਲੇ ਅਵਿਕਸਿਤ ਪ੍ਰਾਣੀ ਅਤੇ ਵਨਸਪਤੀ ਹੋਂਦ ਵਿਚ ਆਉਂਦੇ ਰਹੇ। ਮਨੁਖ ਅਖੀਰ ਤੇ ਹੋਂਦ ਵਿਚ ਆਇਆ। ਜੇ ਅਸੀਂ ਬਾਣੀ ਵਲ ਦੇਖੀਏ ਤਾਂ ਕੁਝ ਅਜਿਹਾ ਹੀ ਇਸ਼ਾਰਾ ਹੈ। ਵਾਹਿਗੁਰੂ ਤੋਂ ਪਵਨ ਭਾਵ ਗੈਸ ਆਦਿ ਦੀ ਸਿਰਜਨਾ ਹੋਈ, ਗੈਸ ਹੌਲੀ ਜਲ ਭਾਵ ਤਰਲ ਵਿਚ ਬਦਲੀ, ਜਲ ਜਾਂ ਤਰਲ ਤੋਂ ਠੋਸ ਪਦਾਰਥ ਨੇ ਜਨਮ ਲਿਆ। ਫ਼ਿਰ ਘਟਿ ਘਟਿ ਵਿਚ ਜੋਤਿ ਭਾਵ ਜ਼ਿੰਦਗੀ ਨੇ ਜਨਮ ਲਿਆ।[51] ਸੋ ਵਿਕਾਸ ਦੀ ਥਿਊਰੀ ਦਾ ਕੇਵਲ ਵਾਹਿਗੁਰੂ ਦੇ ਨਾਮ (ਸੋਮੇ) ਦਾ ਹੀ ਅੰਤਰ ਹੈ। ਡਾਰਵਿਨ ਤੇ ਗੁਰਮਤਿ ਦੇ ਸਿਧਾਂਤ ਵਿਚ ਬੁਨਿਆਦੀ ਫ਼ਰਕ ਸੋਮੇ ਦਾ ਹੈ। ਗੁਰਮਤਿ ਅਨੁਸਾਰ ਕਰਤਾ, ਵਾਹਗੁਰੂ ਹੈ ਜੋ ਡਾਰਵਿਨ ਦੀ ਥਿਊਰੀ ਵਿਚ ਨਹੀਂ ਹੈ। ਫ਼ਿਰ, ਡਾਰਵਿਨ ਨੂੰ ਇਹ ਸਮਝ ਨਹੀਂ ਕਿ ਸੰਤ ਸਖ਼ਸ਼ੀਅਤ ਦਾ ਵਿਕਾਸ ਹੀ ਸ੍ਰਿਸ਼ਟੀ ਦਾ ਪ੍ਰਯੋਜਨ ਹੈ। ਕਈ ਜਨਮਾਂ ਦੇ ਚੰਗੇ ਕਰਮ, ਨਾਮ ਸਿਮਰਨ ਅਤੇ ਮਹਾਂਪੁਰਖਾਂ ਦੀ ਸੰਗਤ ਦੁਆਰਾ ਸਹਿਜੇ ਸਹਿਜੇ ਸੰਤ ਸ਼ਖਸੀਅਤ ਦਾ ਵਿਕਾਸ ਹੁੰਦਾ ਹੈ। ਮਨੁਖ ਹੀ ਕੇਵਲ ਇਸ ਪਦਵੀ ਨੂੰ ਪ੍ਰਾਪਤ ਹੋ

---

48 ਜੰਮਿਆਂ ਪੂਤੁ ਭਗਤੁ ਗੋਵਿੰਦ ਕਾ ॥

ਆਸਾ ਮ. ੫, ਪੰਨਾ 396

49 ਗੁਰਮੁਖਿ ਜਨਮੁ ਸਕਾਰਥਾ ਨਿਰਮਲੁ ਮਲੁ ਖੋਈ ॥
ਨਾਨਕ ਜੀਵਦਾ ਪੁਰਖੁ ਧਿਆਇਆ ਅਮਰਾਪਦੁ ਹੋਈ ॥੨੫॥

ਸਾਰੰਗ ਕੀ ਵਾਰ ਮ. ੫, ਪੰਨਾ 1247

50 ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ ॥

ਗਉੜੀ ਮ. 1, ਪੰਨਾ 224

51 ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥

ਸਿਰੀ ਰਾਗ ਮ. ੧, ਪੰਨਾ 19

ਸਕਦਾ ਹੈ, ਹੋਰ ਜੂਨਾਂ ਵਿਚ ਅਜਿਹੀ ਸਮਰਥਾ ਨਹੀਂ ਹੁੰਦੀ। ਜੀਵ 84 ਲਖ ਜੂਨੀਆਂ ਦੇ ਗੇੜੇ ਵਿਚ ਘੁੰਮਦਾ ਰਹਿੰਦਾ ਹੈ। ਫ਼ਿਰ ਉਸਨੂੰ ਮਨੁਖ ਬਣ ਕੇ ਇਕ ਮੌਕਾ ਮਿਲਦਾ ਹੈ, ਸ੍ਰਿਸ਼ਟੀ ਦੇ ਪ੍ਰਯੋਜਨ ਵਲ ਜਾਣ ਦਾ। ਇਸੇ ਕਰਕੇ ਹੀ ਗੁਰੂ ਸਾਹਿਬਾਨ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਜੀਵਨ ਇਕ ਅਵਸਰ ਹੈ - ਕੇਵਲ ਸੰਤਾਂ ਦੀ ਸੰਗਤ ਵਿਚ ਨਾਮ ਜਪਣ ਦਾ।[52]

ਸਭ ਤੋਂ ਜ਼ਰੂਰੀ ਗਲ ਵਿਚਾਰਨ ਵਾਲੀ ਇਹ ਹੈ ਕਿ ਸੰਤ, ਸਾਧ, ਦੀ ਕੀ ਮਹੱਤਤਾ ਹੈ ਜਿਸ ਕਰਕੇ ਗੁਰਬਾਣੀ ਵਿਚ ਸੰਤ ਦੀ ਸੰਗਤ ਤੇ ਇਤਨਾ ਜ਼ੋਰ ਦਿਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦਾ ਸ਼ਾਇਦ ਹੀ ਕੋਈ ਪੰਨਾ ਹੋਵੇ ਜਿਸ ਤੇ ਸਿਧੇ ਜਾਂ ਅਸਿਧੇ ਤੌਰ ਤੇ ਸੰਤ ਸੰਗਤ ਬਾਰੇ ਕੋਈ ਗਲ ਨਾ ਕਹੀ ਗਈ ਹੋਵੇ। ਮਨੁਖ ਦੇ ਜੀਵਨ ਦਾ ਇਕੋ ਇਕ ਮੰਤਵ ਗੁਰੂ ਸਾਹਿਬਾਨ ਦੁਆਰਾ ਨਾਮ ਸਿਮਰਨ ਕਰਕੇ ਪ੍ਰਭੂ ਪ੍ਰਾਪਤੀ ਦਾ ਦਸਿਆ ਗਿਆ ਹੈ ਅਤੇ ਇਹ ਮੰਤਵ ਸੰਤ ਦੀ ਸੰਗਤ ਤੋਂ ਬਿਨਾਂ ਪੂਰਾ ਨਹੀਂ ਹੋ ਸਕਦਾ। ਸੰਤ ਦੀ ਸੰਗਤ ਤੋਂ ਬਿਨਾਂ ਪ੍ਰਭੂ ਦੀ ਪ੍ਰਾਪਤੀ ਸੰਭਵ ਹੀ ਨਹੀਂ ਹੈ। ਗੁਰਬਾਣੀ ਇਸਦਾ ਸਿਧਾ ਫ਼ੁਰਮਾਣ ਸੁਣਾਉਂਦੀ ਹੈ। ਭਗਤ ਕਬੀਰ ਜੀ, ਭਗਤ ਨਾਮਦੇਵ ਦਾ ਹਵਾਲਾ ਦੇ ਕੇ ਸਪੱਸ਼ਟ ਸ਼ਬਦਾਂ ਵਿਚ ਫ਼ੈਸਲਾ ਸੁਣਾਉਂਦੇ ਹਨ ਕਿ ਜੋ ਮਨੁਖ ਪ੍ਰਭੂ ਦੀ ਭਾਲ ਤਾਂ ਕਰਦੇ ਹਨ ਪਰ ਸੰਤ ਨੂੰ ਨਹੀਂ ਪਛਾਣ (ਚੀਨ) ਸਕਦੇ ਉਹ ਕੇਵਲ ਅੰਨ੍ਹਿਆਂ ਵਾਂਗ ਹੀ ਟਟੋਲੇ ਮਾਰਦੇ ਹਨ, ਭਗਤੀ ਕਰਨ ਵਾਲੇ ਭਗਤਾਂ ਦੀ ਸੰਗਤ ਤੋਂ ਬਿਨਾਂ ਭਗਵੰਤ ਜਾਂ ਪ੍ਰਭੂ ਮਿਲ ਹੀ ਨਹੀਂ ਸਕਦਾ।[53] ਇਕ ਜਗ੍ਹਾ ਹੋਰ ਕਬੀਰ ਜੀ ਫ਼ੁਰਮਾਉਂਦੇ ਹਨ ਕਿ ਜਿਵੇਂ ਘੜੇ ਜਾਂ ਬਰਤਨ ਬਿਨਾਂ ਪਾਣੀ ਨਹੀ ਠਹਰ ਸਕਦਾ, ਜਿਵੇਂ ਕਿਸਾਨ ਤੋਂ ਬਿਨਾਂ ਜਮੀਨ ਨਹੀਂ ਬੀਜੀ ਜਾ ਸਕਦੀ, ਸੂਤਰ ਤੋਂ ਬਿਨਾਂ ਮਣਕੇ ਨਹੀਂ ਪਰੋਏ ਜਾ ਸਕਦੇ, ਘੁੰਡੀ ਤੋਂ ਬਿਨਾਂ ਗੰਢ ਨਹੀਂ ਪਾਈ ਜਾ ਸਕਦੀ, ਜਿਵੇਂ ਮਾਂ ਪਿਉ ਦੇ ਮੇਲ ਤੋਂ ਬਿਨਾਂ ਬਚਾ ਜਨਮ ਨਹੀਂ ਲੈ ਸਕਦਾ, ਪਾਣੀ ਤੋਂ ਬਿਨਾਂ ਕਪੜੇ ਨਹੀਂ ਧੋਤੇ ਜਾ ਸਕਦੇ, ਘੋੜੇ ਤੋਂ ਬਿਨਾਂ ਸਵਾਰ ਨਹੀਂ ਅਖਵਾ ਸਕਦਾ, ਇਸੇ ਤਰ੍ਹਾਂ ਸਾਧੂ, ਸੰਤ ਦੀ ਸੰਗਤ ਤੋਂ ਬਿਨਾਂ ਪ੍ਰਭੂ ਦੀ ਪ੍ਰਾਪਤੀ ਨਹੀਂ ਹੋ ਸਕਦੀ।[54] ਇਸ ਸ਼ਬਦ ਵਿਚ ਅਬਗਤੁ

---

[52] ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਾਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥
ਮਿਲੁ ਜਗਦੀਸ ਮਿਲਨ ਕੀ ਬਰੀਆ ॥ ਚਿੰਰਕਾਲ ਇਹ ਦੇਹ ਸੰਜਰੀਆ ॥...
ਸਾਧਸੰਗਿ ਭਇਓ ਜਨਮੁ ਪਰਾਪਤਿ ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥

ਗਉੜੀ ਗੁਆਰੇਰੀ ਮ. ੫, ਪੰਨਾ 176

[53] ਢੂੰਢਤ ਡੋਲਹਿ ਅੰਧ ਗਤਿ ਅਰੁ ਚੀਨਤ ਨਾਹੀ ਸੰਤ ॥
ਕਹਿ ਨਾਮਾ ਕਿਉ ਪਾਈਐ ਬਿਨੁ ਭਗਤਹੁ ਭਗਵੰਤੁ ॥੨੪੧॥

ਸਲੋਕ, ਕਬੀਰ ਜੀ, ਪੰਨਾ 1377

[54] ਕੁੰਭ ਬਿਨਾ ਜਲੁ ਨਾ ਟੀਕਾਵੈ ॥ ਸਾਧੂ ਬਿਨੁ ਐਸੇ ਅਬਗਤੁ ਜਾਵੈ ॥...
ਜੈਸੇ ਹਲਹਰ ਬਿਨਾ ਜਿਮੀ ਨਹੀ ਬੋਈਐ ॥ ਸੂਤ ਬਿਨਾ ਕੈਸੇ ਮਣੀ ਪਰੋਈਐ ॥
ਘੁੰਡੀ ਬਿਨੁ ਕਿਆ ਗੰਠਿ ਚੜ੍ਹਾਈਐ ॥ ਸਾਧੂ ਬਿਨੁ ਤੈਸੇ ਅਬਗਤੁ ਜਾਈਐ ॥

ਸ਼ਬਦ ਦਾ ਅਰਥ ਹੈ ਗਤੀ ਰਹਿਤ, ਮੁਕਤੀ ਤੋਂ ਬਿਨਾਂ। ਸੋ ਭਗਤ ਕਬੀਰ ਜੀ ਨੇ ਉਦਾਹਰਣਾਂ ਸਹਿਤ ਕਥਨ ਨੂੰ ਸਿਧ ਕੀਤਾ ਹੈ। ਇਥੇ ਕੋਈ ਹੋਰ ਅਰਥ ਲਗਾਣ ਦੀ ਗੁੰਜਾਇਸ਼ ਵੀ ਖਤਮ ਕਰ ਦਿਤੀ ਹੈ ਜਿਵੇਂ ਕਿ ਆਮ ਤੌਰ ਤੇ ਅਰਥਾਂ ਦੇ ਅਨਰਥ ਕਰਕੇ ਅਸਲੀਅਤ ਛੁਪਾਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਭਗਤ ਕਬੀਰ ਹੀ ਨਹੀਂ, ਗੁਰੂ ਸਾਹਿਬਾਨ ਨੇ ਵੀ ਬੜੇ ਸਪੱਸ਼ਟ ਸ਼ਬਦਾਂ ਵਿਚ ਇਹੀ ਸਚਾਈ ਬਿਆਨ ਕੀਤੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਇਆ ਹੈ ਕਿ ਸਾਧੂ ਦੀ ਸੰਗਤ ਤੋਂ ਬਿਨਾਂ ਪਰਮਾਤਮਾ ਦਾ ਸਾਥ ਪ੍ਰਾਪਤ ਨਹੀਂ ਹੁੰਦਾ ਅਤੇ ਮਨੁਖ ਦਾ ਸਰੀਰ ਵਿਕਾਰਾਂ ਦੀ ਮੈਲ ਨਾਲ ਗੰਦਾ ਹੀ ਰਹਿੰਦਾ ਹੈ।[55] ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਹੀ ਮਿਸਾਲ ਦੇ ਕੇ ਗਲ ਸਾਫ਼ ਕੀਤੀ ਹੈ ਕਿ ਜਦੋਂ ਮੇਰੇ ਮਸਤਕ ਉਤੇ ਸਾਧੂ ਨੇ ਆਪਣਾ ਹਥ ਰਖਿਆ ਤਾਂ ਮੈਨੂੰ ਮੁਕਤੀ ਪ੍ਰਾਪਤ ਹੋਈ।[56] ਆਪ ਜੀ ਫ਼ੁਰਮਾਉਂਦੇ ਹਨ ਕਿ ਮੈਂ ਉਸਦੀ ਭਾਲ ਕਰਦਿਆਂ ਕਰਦਿਆਂ ਇਹ ਖ਼ਬਰ ਸੁਣ ਲਈ ਹੈ ਕਿ ਸਾਧੂ ਦੀ ਸੰਗਤ ਤੋਂ ਬਿਨਾਂ ਕੋਈ ਵੀ ਜੀਵ ਪਾਰ ਨਹੀਂ ਲੰਘ ਸਕਦਾ।[57]

ਸਾਧੂ ਦੀ ਸੰਗਤ ਤੋਂ ਬਿਨਾਂ ਹੋਰ ਕੋਈ ਰਸਤਾ ਪ੍ਰਭੂ ਵਲ ਨਹੀਂ ਜਾਂਦਾ। ਬੇਸ਼ਕ ਕਿਸੇ ਵੀ ਦੇਵੀ ਦੇਵਤੇ ਦੀ ਉਪਾਸ਼ਨਾ ਕਰ ਲਈਏ, ਉਹ ਪ੍ਰਭੂ ਨੂੰ ਨਹੀਂ ਮਿਲਾ ਸਕਦੇ, ਕਿਉਂਕਿ ਉਨ੍ਹਾਂ ਨੂੰ ਤਾਂ ਆਪ ਹੀ ਪ੍ਰਭੂ ਪ੍ਰਾਪਤੀ ਨਹੀਂ ਹੋਈ। ਉਹ ਤਾਂ ਆਪ ਹੀ ਸਾਧੂ ਦੀ ਸੰਗਤ ਦੀ ਕਾਮਨਾ ਰਖਦੇ ਹਨ। ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਕਥਨ ਹੈ ਕਿ ਸ਼ੰਕਰ, ਨਾਰਦ, ਸ਼ੇਸਨਾਗ ਅਤੇ ਕਈ ਮੁਨੀ ਸਾਧੂ ਦੀ ਧੂੜ ਦੀ ਹੀ ਖਾਹਿਸ਼ ਰਖਦੇ ਹਨ।[58] ਇਕ ਜਗ੍ਹਾ ਹੋਰ ਕਥਨ ਹੈ ਕਿ ਦੇਵਤਿਆਂ ਨੇ ਜਿਤਨੇ ਵੀ ਤੀਰਥ ਅਸਥਾਨ ਸਥਾਪਿਤ ਕੀਤੇ ਹੋਏ ਹਨ ਉਹ ਸਾਰੇ ਤੀਰਥ ਸੰਤ ਦੀ ਚਰਨ ਧੂੜ ਦੀ ਤਾਂਘ ਰਖਦੇ ਹਨ। ਜਦੋਂ ਉਨ੍ਹਾਂ ਨੂੰ ਕੋਈ ਸੰਤ, ਸਾਧੂ ਮਿਲਦਾ ਹੈ ਤਾਂ ਉਹ ਧੂੜ ਮਸਤਕ ਤੇ ਲਾਉਂਦੇ ਹਨ।[59] ਦੇਵੀ ਦੇਵਤੇ ਆਪ ਮੁਕਤ ਨਹੀਂ। ਇਸ ਲਈ ਉਹ ਮੁਕਤੀ ਦੇ ਦਾਤੇ ਵੀ ਨਹੀਂ ਹੋ ਸਕਦੇ। ਪ੍ਰਭੂ ਪ੍ਰਾਪਤੀ ਸਿਰਫ਼ ਮਨੁਖੀ ਜਾਮੇ ਵਿਚ ਹੀ ਸੰਭਵ ਹੈ। ਇਸੇ ਕਰਕੇ ਦੇਵਤੇ ਵੀ ਇਸ ਦੇਹੀ ਨੂੰ ਲੋਚਦੇ ਹਨ:

ਇਸ ਦੇਹੀ ਕਉ ਸਿਮਰਹਿ ਦੇਵ॥

---

ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ ॥ ਬਿੰਬ ਬਿਨਾ ਕੈਸੇ ਕਪਰੇ ਧੋਈ ॥
ਘੋਰ ਬਿਨਾ ਕੈਸੇ ਅਸਵਾਰ ॥ ਸਾਧੂ ਬਿਨੁ ਨਾਹੀ ਦਰਵਾਰ ॥

ਗੋਂਡ, ਕਬੀਰ ਜੀ, ਪੰਨਾ 872

[55] ਬਿਨੁ ਸਾਧ ਨ ਪਾਈਐ ਹਰਿ ਕਾ ਸੰਗੁ ॥ ਬਿਨੁ ਗੁਰ ਮੈਲ ਮਲੀਨ ਅੰਗੁ ॥

ਬਸੰਤ ਮ. ੧, ਪੰਨਾ 1169

[56] ਜਉ ਸਾਧੂ ਕਰੁ ਮਸਤਕਿ ਧਰਿਓ ਤਬ ਹਮ ਮੁਕਤ ਭਏ ॥ ਗਉੜੀ ਮਾਲਾ ਮ.੫, ਪੰਨਾ 214

[57] ਖੋਜਤ ਖੋਜਤ ਸੁਨੀ ਇਹ ਸੋਇ ॥ ਸਾਧ ਸੰਗਤਿ ਬਿਨੁ ਤਰਿਓ ਨ ਕੋਇ ॥ ਆਸਾ ਮ. ੫, ਪੰਨਾ 373

[58] ਸੰਕਰੁ ਨਾਰਦੁ ਸੇਖਨਾਗ ਮੁਨਿ ਧੂਰਿ ਸਾਧੂ ਕੀ ਲੋਚੀਜੈ ॥ ਕਲਿਆਨ ਮ. ੪, ਪੰਨਾ 1326

[59] ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ ॥
ਹਰਿ ਕਾ ਸੰਤੁ ਮਿਲੈ ਗੁਰ ਸਾਧੂ ਲੈ ਤਿਸ ਕੀ ਧੂਰਿ ਮੁਖਿ ਲਾਈ ॥ ਮਲਾਰ ਮ. ੪, ਪੰਨਾ 1263

ਸੋ ਦੇਹੀ ਭਜੁ ਹਰਿ ਕੀ ਸੇਵ॥ ਭੈਰਉ ਕਬੀਰ ਜੀ, ਪੰਨਾ 1159

ਇਸੇ ਜਨਮ ਵਿਚ ਹੀ ਮਨੁਖ ਪ੍ਰਭੂ ਪ੍ਰਾਪਤੀ ਕਰ ਕੇ ਸੰਤ ਦੀ ਅਵਸਥਾ ਨੂੰ ਪ੍ਰਾਪਤ ਹੋ ਸਕਦਾ ਹੈ।

ਸ੍ਰੀ ਗੁਰੂ ਅਰਜਨ ਸਾਹਿਬ ਨੇ ਸਪੱਸ਼ਟ ਸ਼ਬਦਾਂ ਵਿਚ ਦਸਿਆ ਹੈ ਕਿ ਧਰਮ ਗ੍ਰੰਥ, ਬ੍ਰਹਮਾ, ਸ਼ੰਕਰ ਆਦਿ ਕਈ ਦੇਵੀ ਦੇਵਤੇ ਪਰਮੇਸ਼ਰ ਦਾ ਅੰਤ ਨਹੀਂ ਪਾ ਸਕਦੇ, ਉਨ੍ਹਾਂ ਨੂੰ ਸ੍ਰੀ ਅਕਾਲ ਪੁਰਖ ਸਾਹਿਬ ਦੇ ਭੇਦ ਬਾਰੇ ਕੁਝ ਵੀ ਨਹੀਂ ਪਤਾ। ਕੇਵਲ ਸੰਤ ਹੀ ਅਜਿਹਾ ਜਾਣਦੇ ਹਨ।[60] ਭਗਤ ਨਾਮਦੇਵ ਜੀ ਨੇ ਬਹੁਤ ਸਪੱਸ਼ਟ ਸ਼ਬਦਾਂ ਵਿਚ ਸਮਝਾਇਆ ਹੈ ਅਤੇ ਅਜਿਹੀ ਪੂਜਾ ਦੇ ਸਿਟਿਆਂ ਤੋਂ ਖ਼ਬਰਦਾਰ ਵੀ ਕੀਤਾ ਹੈ। ਜੋ ਮਨੁਖ ਭੈਰੋਂ ਦੀ ਅਰਾਧਨਾ ਕਰਦਾ ਹੈ ਉਹ ਭੈਰੋਂ ਵਰਗਾ ਹੀ ਭੂਤ ਬਣ ਜਾਂਦਾ ਹੈ, ਜੋ ਸੀਤਲਾ ਨੂੰ ਅਰਾਧਨਾ ਕਰਦਾ ਹੈ ਉਹ ਉਸ ਵਾਂਗ ਹੀ ਖੋਤੇ ਦੀ ਸਵਾਰੀ ਕਰਦਾ ਹੈ ਅਤੇ ਸੁਆਹ ਉਡਾਂਦਾ ਹੈ। ਜੋ ਮਨੁਖ ਸ਼ਿਵ ਦਾ ਨਾਮ ਜਪਦਾ ਹੈ ਉਹ ਵਧ ਤੋਂ ਵਧ ਸ਼ਿਵ ਦਾ ਰੂਪ ਧਾਰ ਕੇ ਬਲਦ ਉਤੇ ਚੜ੍ਹ ਕੇ ਡੰਭਰੂ ਵਜਾਉਂਦਾ ਹੈ। ਜੋ ਮਨੁਖ ਪਾਰਬਤੀ ਦੀ ਪੂਜਾ ਕਰਦਾ ਹੈ ਉਹ ਮਨੁਖ ਤੋਂ ਔਰਤ ਬਣ ਜਾਂਦਾ ਹੈ। ਅਖੀਰ ਤੇ ਭਗਤ ਜੀ ਭਵਾਨੀ ਤੇ ਵਿਅੰਗ ਕਸਦੇ ਹੋਏ ਉਸਤੋਂ ਪੁਛਦੇ ਹਨ ਕਿ ਹੇ ਭਵਾਨੀ! ਤੂੰ ਤਾਂ ਮੁਢ ਅਖਵਾਉਂਦੀ ਹੈ ਪਰ ਆਪਣੇ ਭਗਤਾਂ ਨੂੰ ਮੁਕਤੀ ਦੇਣ ਦੇ ਸਮੇਂ ਕਿਥੇ ਛੁਪ ਜਾਂਦੀ ਹੈ? ਭਾਵ ਮੁਕਤੀ ਭਵਾਨੀ ਕੋਲ ਵੀ ਨਹੀਂ।[61]

ਕੋਈ ਤੀਰਥ ਅਸਥਾਨ ਸੰਤ ਦੀ ਥਾਂ ਨਹੀਂ ਲੈ ਸਕਦਾ। ਕਿਸੇ ਤੀਰਥ ਅਸਥਾਨ ਤੇ ਨਹਾ ਕੇ, ਮਥੇ ਰਗੜ ਕੇ ਮੁਕਤੀ ਦੀ ਪ੍ਰਾਪਤੀ ਨਹੀਂ ਹੋ ਸਕਦੀ। ਸੰਤ ਹੀ ਅਸਲ ਤੀਰਥ ਹੁੰਦਾ ਹੈ। ਸੰਤ ਦੀ ਧੂੜ ਦਾ ਇਸ਼ਨਾਨ ਹੀ ਪ੍ਰਮਾਤਮਾ ਦੀ ਪ੍ਰਾਪਤੀ ਕਰਵਾ ਸਕਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਕਥਨ ਹੈ ਕਿ ਸੰਤ ਰੂਪੀ ਸਰੋਵਰ ਵਿਚ ਨਹਾ ਕੇ ਹੀ ਪਰਮਗਤੀ ਮਿਲਦੀ ਹੈ।[62] ਸ੍ਰੀ ਗੁਰੂ ਰਾਮਦਾਸ ਜੀ ਅਨੁਸਾਰ ਸਾਧੂ ਗੁਰੂ ਦੇ ਅੰਮ੍ਰਿਤ ਰੂਪੀ ਗਿਆਨ ਸਰੋਵਰ ਵਿਚ ਨਹਾਉਣ ਨਾਲ ਸਭ ਤਰ੍ਹਾਂ ਦੇ ਕਿਲਵਿਖ, ਪਾਪ ਖਤਮ ਹੋ ਜਾਂਦੇ ਹਨ।[63] ਇਥੇ ਇਹ ਗਲ ਸਾਫ਼ ਕਰਨੀ ਜ਼ਰੂਰੀ ਹੈ ਕਿ 'ਰਾਮਦਾਸ ਸਰੋਵਰ ਨਾਤੇ' ਦੇ ਅਰਥ ਸ੍ਰੀ ਗੁਰੂ ਰਾਮ ਦਾਸ ਜੀ ਦੇ

---

[60] ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥...
ਸੰਕਰਾ ਨਹੀ ਜਾਣਹਿ ਭੇਵ ॥ ਖੋਜਤ ਹਾਰੇ ਦੇਵ ॥
ਦੇਵੀਆ ਨਹੀ ਜਾਨੈ ਮਰਮ ॥ ਸਭ ਊਪਰਿ ਅਲਖ ਪਾਰਬ੍ਰਹਮ ॥
ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥ ਰਾਮਕਲੀ ਮ. ੫, ਪੰਨਾ 894

[61] ਭੈਰਉ ਭੂਤ ਸੀਤਲਾ ਧਾਵੈ ॥ ਖਰ ਬਾਹਨੁ ਉਹੁ ਛਾਰੁ ਉਡਾਵੈ ॥...
ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ ਬਰਦ ਚਢੇ ਡਉਰੂ ਢਮਕਾਵੈ ॥...
ਮਹਾ ਮਾਈ ਕੀ ਪੂਜਾ ਕਰੈ॥ ਨਰ ਸੈ ਨਾਰਿ ਹੋਇ ਅਉਤਰੈ॥ ਗੋਂਡ, ਨਾਮਦੇਵ ਜੀ, ਪੰਨਾ 874

[62] ਸੰਤ ਸਰੋਵਰ ਨਾਵੈ ॥ ਸੋ ਜਨੁ ਪਰਮਗਤਿ ਪਾਵੈ ॥ ਸੋਰਠਿ ਮ. ੫, ਪੰਨਾ 623

[63] ਗੁਰ ਸਾਧੂ ਅੰਮ੍ਰਿਤ ਗਿਆਨ ਸਰਿ ਨਾਇਣੁ ॥
ਸਭ ਕਿਲਬਿਖ ਪਾਪ ਗਏ ਗਵਾਇਣੁ ॥ ਭੈਰਉ ਮ. ੪, ਪੰਨਾ 1133

ਅੰਮ੍ਰਿਤਸਰ ਵਾਲੇ ਸਰੋਵਰ ਨਾਲ ਨਹੀਂ। ਗੁਰਬਾਣੀ ਦਾ ਇਕ ਖ਼ਾਸ ਵਿਆਕਰਣ ਹੈ। ਇਕ ਵਾਚਕ ਨਾਂਵ ਦੇ ਆਖਰੀ ਅਖਰ ਨੂੰ ਔਂਕੜ ਲਗਦੀ ਹੈ। ਜੇ 'ਰਾਮਦਾਸ' ਦੇ 'ਸ' ਨੂੰ ਔਂਕੜ ਹੁੰਦੀ ਤਾਂ ਇਹ ਇਕ ਵਚਨ ਹੋਣਾ ਸੀ ਭਾਵ 'ਗੁਰੂ ਰਾਮਦਾਸ' ਨੂੰ ਸੰਬੋਧਨ ਹੋ ਸਕਦਾ ਹੈ ਪਰ ਹੁਣ ਇਹ ਬਹੁਵਚਨ ਹੈ। ਸ੍ਰੀ ਗੁਰੂ ਰਾਮਦਾਸ ਜੀ ਤਾਂ ਇਕ ਹੀ ਸਨ। ਸੋ ਇਥੇ ਰਾਮ ਦਾਸ ਦਾ ਅਰਥ ਹੈ ਰਾਮ ਦੇ ਦਾਸ, ਭਾਵ, ਪਰਮਾਤਮਾ ਦੇ ਭਗਤ, ਸੰਤ ਜਨ। ਰਾਮਦਾਸ ਸਰੋਵਰ ਦਾ ਅਰਥ ਉਹ ਇਸੇ ਸ਼ਬਦ ਦੀਆਂ ਅਗੇ ਦੀਆਂ ਪੰਕਤੀਆਂ ਵਿਚ ਸਪਸ਼ਟ ਕਰਦੇ ਹਨ। 'ਸਾਧ ਸੰਗਿ ਮਲੁ ਲਾਥੀ ॥ ਪਾਰ ਬ੍ਰਹਮ ਭਇਓ ਸਾਥੀ॥' ਸੋ ਇਥੇ ਵੀ ਸਪਸ਼ਟ ਹੋ ਜਾਂਦਾ ਹੈ ਕਿ ਰਾਮ ਦਾਸ ਦਾ ਅਰਥ ਸਾਧ ਸੰਗਤ ਹੈ, ਉਸ ਦੇ ਦਾਸਾਂ ਦੀ ਸੰਗਤ, ਸੰਤਾਂ ਦੀ ਸੰਗਤ। ਇਹ ਅਰਥ 63 ਨੰਬਰ ਅਤੇ 64 ਨੰਬਰ ਫੁਟਨੋਟ ਦੀਆਂ ਪੰਕਤੀਆਂ ਤੋਂ ਵੀ ਸਪਸ਼ਟ ਹੋ ਰਹੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਇਕ ਹੋਰ ਥਾਂ ਤੇ ਵੀ ਦਸ ਰਹੇ ਹਨ ਕਿ ਕਿਸੇ ਤੀਰਥ ਆਦਿ ਸੰਜਮਾਂ ਤੋਂ ਨਹੀਂ ਸਗੋਂ ਉਸ ਦੀ ਪ੍ਰਾਪਤੀ ਸਾਧੂ ਦੀ ਧੂੜੀ ਤੋਂ ਹੀ ਹੁੰਦੀ ਹੈ।[64] ਅਤੇ ਸਾਧੂ ਹੀ ਤੀਰਥ ਬਣਾਉਂਦੇ ਹਨ। ਜਿਥੇ ਪਰਮਾਤਮਾ ਦਾ ਸਾਧੂ ਜਾਂਦਾ ਹੈ ਉਹ ਅਸਥਾਨ ਤੀਰਥ ਹੀ ਬਣ ਜਾਂਦਾ ਹੈ।[65]

ਪਰਮਾਤਮਾ ਦੀ ਪ੍ਰਾਪਤੀ ਜਿਨਾਂ ਨੇ ਵੀ ਕੀਤੀ, ਸਾਧੂ ਰਾਹੀਂ ਹੀ ਕੀਤੀ। ਇਤਿਹਾਸ ਗਵਾਹ ਹੈ ਭਗਤਾਂ ਨੇ ਪਰਮਾਤਮਾ ਇਸੇ ਵਿਧੀ ਨਾਲ ਪ੍ਰਾਪਤ ਕੀਤਾ। ਸ੍ਰੀ ਗੁਰੂ ਰਾਮਦਾਸ ਸਾਹਿਬ ਇਸ ਕਥਨ ਦੀ ਗਵਾਹੀ ਦਿੰਦੇ ਹਨ ਕਿ ਜੋ ਵੀ ਸਾਧੂ ਦੀ ਸ਼ਰਣ ਵਿਚ ਪਏ, ਪਾਰ ਹੋ ਗਏ ਚਾਹੇ ਉਹ ਖਤਰੀ ਸੀ, ਬ੍ਰਾਹਮਣ, ਸੂਦਰ, ਵੈਸ਼ ਜਾਂ ਚੰਡਾਲ। ਜਿਵੇਂ ਕਿ ਭਗਤ ਨਾਮਦੇਵ, ਜੈਦੇਵ, ਕਬੀਰ, ਤ੍ਰਿਲੋਚਨ, ਰਵਿਦਾਸ, ਧੰਨਾ, ਸੈਣ, ਇਹ ਸਾਰੇ ਸਾਧੂ ਦੀ ਸ਼ਰਣ ਪੈ ਕੇ ਪਰਮਾਤਮਾ ਨੂੰ ਪਾ ਗਏ।[66] ਸ੍ਰੀ ਗੁਰੂ ਰਾਮਦਾਸ ਸਾਹਿਬ ਦੀਆਂ ਇਹਨਾਂ ਪੰਕਤੀਆਂ ਤੋਂ ਇਹ ਬਿਲਕੁਲ ਸਾਫ਼ ਹੋ ਜਾਂਦਾ ਹੈ ਕਿ ਇਨ੍ਹਾਂ ਸਾਰੇ ਭਗਤਾਂ ਨੇ ਸਾਧੂ ਦੀ ਸ਼ਰਣ ਪੈ ਕੇ ਪ੍ਰਭੂ ਦੀ ਪ੍ਰਾਪਤੀ ਕੀਤੀ ਹੈ ਨਾਂ ਕਿ ਕਿਸੇ ਹੋਰ ਤਰੀਕੇ ਨਾਲ। ਸੋ ਮੂਰਤੀ ਪੂਜਾ ਦੀਆਂ ਮਨਘੜਤ ਸਾਖੀਆਂ ਬ੍ਰਾਹਮਣੀਵਾਦੀ ਲੇਖਕਾਂ ਨੇ ਇਨ੍ਹਾਂ ਨਾਲ ਜੋੜ ਦਿਤੀਆ। ਧੰਨਾ ਜੱਟ ਬਾਰੇ ਵੀ ਸਿਧਾ ਗੁਰੂ ਸਾਹਿਬ ਨੇ ਲਿਖਿਆ ਹੈ। ਫ਼ਿਰ ਵੀ ਇਹ ਕਹਿਣਾ ਕਿ ਧੰਨੇ ਨੇ ਪਥਰ ਵਿਚੋ ਰੱਬ ਲਭ ਲਿਆ, ਗੁਰਮਤਿ ਦੀ ਘੋਰ ਉਲੰਘਣਾ ਹੈ। ਧੰਨਾ ਜੱਟ ਆਪਣੀ ਬਾਣੀ ਵਿਚ ਆਪਣੇ ਬਾਰੇ ਲਿਖਦਾ ਹੈ ਕਿ ਧੰਨੇ ਨੇ ਪ੍ਰਭੂ ਰੂਪੀ ਧਨ ਪਾ ਲਿਆ ਹੈ, ਸੰਤ ਜਨਾਂ ਦੀ ਸੰਗਤ ਕਰ ਕੇ।[67] ਇਸੇ ਤਰ੍ਹਾਂ ਭਗਤ ਨਾਮਦੇਵ ਬਾਰੇ ਵੀ ਇਹ ਗਲ ਬਹੁਤ

---

[64] ਤੀਰਥ ਵਰਤ ਲਖ ਸੰਜਮਾ ਪਾਈਐ ਸਾਧੂ ਧੂਰਿ ॥ ਸਿਰੀ ਰਾਗੁ ਮ. ੫, ਪੰਨਾ 48

[65] ਜਿਥੈ ਜਾਇ ਭਗਤੁ ਸੁ ਥਾਨੁ ਸੁਹਾਵਣਾ ॥ ਫੁਨਹੇ ਮ. ੫, ਪੰਨਾ 1363

[66] ਸਾਧੂ ਸਰਣਿ ਪਰੈ ਸੋ ਉਬਰੈ ਖਤ੍ਰੀ ਬ੍ਰਾਹਮਣ ਸੂਦੁ ਵੈਸੁ ਚੰਡਾਲੁ ਚੰਡਈਆ ॥
ਨਾਮਾ ਜੈਦੇਉ ਕੰਬੀਰੁ ਤ੍ਰਿਲੋਚਨ ਅਉਜਾਤਿ ਰਵਿਦਾਸੁ ਚਮਿਆਰ ਚਮਈਆ ॥
ਜੋ ਜੋ ਮਿਲੈ ਸਾਧੂ ਜਨ ਸੰਗਤਿ ਧੰਨੁ ਧੰਨਾ ਜਟੁ ਸੈਣੁ ਮਿਲਿਆ ਹਰਿ ਦਈਆ ॥
ਬਿਲਾਵਲ ਮ. ੪. ਪੰਨਾ 835

[67] ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ ॥ ਆਸਾ, ਧੰਨਾ ਜੀ, ਪੰਨਾ 487

ਪ੍ਰਚਲਤ ਹੈ ਕਿ ਉਸਨੇ ਪਥਰ ਦੇ ਬੁਤ ਅਗੇ ਅਰਾਧਨਾ ਕਰਕੇ ਉਸਨੂੰ ਪਾ ਲਿਆ ਅਤੇ ਦੁਧ ਪਿਆਇਆ। ਜਦਕਿ ਬਾਣੀ ਸਾਨੂੰ ਇਸਤੋਂ ਉਲਟ ਗਵਾਹੀ ਦੇ ਰਹੀ ਹੈ। ਭਗਤ ਨਾਮਦੇਵ ਜੀ ਦਸ ਰਹੇ ਹਨ ਕਿ ਉਨ੍ਹਾਂ ਨੇ ਸੰਤ ਜਨਾਂ ਦੀ ਕਿਰਪਾ ਸਦਕਾ ਹਰੀ ਦੇ ਦਰਸ਼ਨ ਕੀਤੇ ਹਨ:

ਸੰਤਹ ਕੈ ਪਰਸਾਦਿ ਨਾਮਾ ਹਰਿ ਭੇਟੁਲਾ॥ ਆਸਾ (ਨਾਮਦੇਵ ਜੀ), ਪੰਨਾ 486

ਭਗਤ ਨਾਮਦੇਵ ਜੀ ਤਾਂ ਇਥੋਂ ਤਕ ਕਹਿ ਦਿਤਾ ਹੈ ਕਿ ਅਕਾਲ ਪੁਰਖ ਤਾਂ ਭਗਤਾਂ ਦੇ ਵਸ ਵਿਚ ਹੈ, ਜਿਸ ਕਰਕੇ ਉਸ ਨੇ ਆਪਣੇ ਭਗਤ ਦੀ ਖਾਤਰ ਨਰਸਿੰਘ ਦਾ ਰੂਪ ਵੀ ਧਰ ਲਿਆ ਅਤੇ ਆਪਣੇ ਭਗਤ ਨੂੰ ਦਿਤੇ ਬਚਨ ਖਾਤਰ, ਰਾਜਾ ਬਲ ਦੇ ਦੁਆਰੇ ਤੇ ਅਜੇ ਤਕ ਖਲੋਤਾ ਹੋਇਆ ਹੈ:

ਭਗਤ ਹੇਤਿ ਮਾਰਿਓ ਹਰਨਾਖਸੁ ਨਰਸਿੰਘ ਰੂਪ ਹੋਇ ਦੇਹ ਧਰਿਓ॥
ਨਾਮਾ ਕਹੈ ਭਗਤ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ॥

ਮਾਰੂ (ਨਾਮਦੇਉ ਜੀ), ਪੰਨਾ 1105

ਇਸ ਗਲ ਦੀ ਗਵਾਹੀ ਸ੍ਰੀ ਗੁਰੂ ਅਰਜਨ ਸਾਹਿਬ ਨੇ ਵੀ ਭਰੀ ਹੈ:

ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥ (ਰਾਮਕਲੀ ਕੀ ਵਾਰ ਮ: ੫) ਪੰਨਾ 962

ਅਗੋਂ ਭਗਤ ਨਾਮਦੇਵ ਜੀ ਫ਼ੁਰਮਾਨ ਕਰਦੇ ਹਨ ਕਿ ਉਨ੍ਹਾਂ ਨੇ ਉਸ ਦੀ ਅਰਾਧਨਾ ਕੀਤੀ ਹੈ ਜੋ ਨਾਂ ਮੰਦਰ ਵਿਚ ਹੈ ਨਾਂ ਮਸੀਤ ਵਿਚ।[68] ਬੁਤ ਪੂਜਾ ਤੋਂ ਪ੍ਰਭੂ ਪ੍ਰਾਪਤੀ ਦੀ ਗਲ ਬਾਰੇ ਸ੍ਰੀ ਗੁਰੂ ਅਰਜਨ ਦੇਵ ਜੀ ਪ੍ਰਤਖ ਨਿਰਣਾ ਦਿੰਦੇ ਹੋਏ ਫ਼ੁਰਮਾਉਂਦੇ ਹਨ ਕਿ ਜੋ ਮਨੁਖ ਪਥਰ ਦੀ ਮੂਰਤੀ ਨੂੰ ਇਸ਼ਟ ਦੇਵ ਕੇਵਲ ਕਹਿਣ ਮਾਤਰ ਹੀ ਬੋਲ ਵੀ ਦਿੰਦੇ ਹਨ ਉਨ੍ਹਾਂ ਦੀ ਸਾਰੀ ਘਾਲਣਾ ਵਿਅਰਥ ਹੋ ਜਾਂਦੀ ਹੈ। ਜੋ ਮਨੁਖ ਪਥਰ ਦੀ ਮੂਰਤੀ ਦੇ ਪੈਰੀ ਪੈਂਦੇ ਹਨ ਉਨ੍ਹਾਂ ਦੀ ਵੀ ਸਾਰੀ ਘਾਲਣਾ ਅਜਾਈਂ ਭਾਵ ਵਿਅਰਥ ਚਲੀ ਜਾਂਦੀ ਹੈ। ਇਹ ਪੰਕਤੀਆਂ ਉਨਾਂ ਨੇ ਭੈਰਉ ਰਾਗ ਵਿਚ ਕਬੀਰ ਜੀ ਦੀ ਬਾਣੀ ਵਿਚ ਆਪਣਾ ਸ਼ਬਦ ਰਲਾ ਕੇ ਦਰਜ ਕੀਤੀਆ।[69] ਸ੍ਰੀ ਗੁਰੂ ਰਾਮਦਾਸ ਸਾਹਿਬ ਵੀ ਇਸ ਗਲ ਦੀ ਗਵਾਹੀ ਦੇ ਰਹੇ ਹਨ ਕਿ ਧੰਨਾ ਜਟ ਅਤੇ ਬਾਲਮੀਕ ਡਾਕੂ, ਸੰਤ ਦੀ ਸੰਗਤ ਨਾਲ ਭਾਵ ਗੁਰਮੁਖ ਹੋ ਕੇ ਪਾਰ ਉਤਰੇ।[70]

ਸੰਤ ਦੀ ਸੰਗਤ ਤੋਂ ਬਿਨਾਂ ਪਾਰ ਨਹੀਂ ਹੋਇਆ ਜਾ ਸਕਦਾ। ਪਰ ਸੰਤ ਦੀ ਸੰਗਤ ਵੀ ਨਿਸਚੇ ਨਾਲ ਹੀ ਕੀਤੀ ਜਾਣੀ ਚਾਹੀਦੀ ਹੈ। ਗੁਰਬਾਣੀ ਵਿਚ ਇਹ ਗਲ ਥਾਂ ਥਾਂ ਜ਼ੋਰ ਦੇ ਕੇ ਕਹੀ ਗਈ ਹੈ। ਕੀ ਕੇਵਲ ਗੁਰਬਾਣੀ ਪੜ੍ਹਨ ਨਾਲ, ਪਾਠ ਕਰਨ ਨਾਲ ਮਨੁਖ ਆਪਣੇ ਪ੍ਰਯੋਜਨ ਤਕ ਪਹੁੰਚ ਸਕਦਾ ਹੈ? ਇਹ ਪ੍ਰਸ਼ਨ ਅਜ ਕਲ ਆਮ ਸਿਖ ਜਨਤਾ ਨੂੰ ਟੁੰਬਦਾ ਹੈ। ਆਮ ਕਰਕੇ

---

[68] ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥ ਬਿਲਾਵਲੁ ਗੋਂਡ, ਨਾਮਦੇਵ ਜੀ, ਪੰਨਾ 875

[69] ਜੋ ਪਾਥਰ ਕਉ ਕਹਤੇ ਦੇਵ ॥ ਤਾਕੀ ਬਿਰਥਾ ਹੋਵੈ ਸੇਵ ॥
ਜੋ ਪਾਥਰ ਕੀ ਪਾਈਂ ਪਾਇ ॥ ਤਿਸ ਕੀ ਘਾਲ ਅਜਾਈਂ ਜਾਇ ॥ ਮ. ੫, ਪੰਨਾ 1160

[70] ਧੰਨਾ ਜਟੁ ਬਾਲਮੀਕੁ ਬਟਵਾਰਾ ਗੁਰਮੁਖਿ ਪਾਰ ਪਇਆ ॥

ਮਾਰੂ ਮ. ੪, ਪੰਨਾ 995

ਇਸਦਾ ਉਤਰ ਵੀ ਗਲਤ ਹੀ ਦਿਤਾ ਜਾਂਦਾ ਹੈ। ਗੁਰਬਾਣੀ ਹੀ ਗੁਰੂ ਹੈ, ਇਸ ਤਥ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਜਾਂਦਾ ਹੈ ਅਤੇ ਆਮ ਪ੍ਰਚਲਤ ਪੰਕਤੀਆਂ ਝੱਟ ਪੜ ਲਈ ਜਾਂਦੀਆਂ ਹਨ। ਪਰ ਕੋਈ ਇਹ ਨਹੀਂ ਸਮਝਦਾ ਕਿ ਬਾਣੀ ਕੀ ਹੈ, ਇਹ ਕਿਸਦੀ ਗੁਰੂ ਹੈ, ਕਿਵੇਂ ਗੁਰੂ ਹੈ। ਇਹ ਪ੍ਰਸ਼ਨ ਸਭ ਤੋਂ ਵਧ ਸਿਖ ਧਰਮ ਦੇ ਅਨੁਯਾਈਆਂ ਵਿਚ ਗਲਤ ਸਮਝੇ ਜਾਂਦੇ ਹਨ। ਜ਼ਿਆਦਾਤਰ, ਬਾਣੀ ਗੁਰੂ ਦਾ ਪ੍ਰਚਾਰ ਅਜੋਕੇ ਰੂਪ ਵਿਚ ਉਨ੍ਹਾਂ ਲੋਕਾਂ ਨੇ ਕੀਤਾ ਹੈ ਜੋ ਨਾਮ-ਭਗਤੀ ਤੋਂ ਸਖਣੇ ਹਨ ਜਾਂ ਅਜੇ ਇਸ ਦੀ ਮਹਿਮਾ ਨੂੰ ਸਮਝ ਨਹੀਂ ਸਕੇ। ਗੁਰਬਾਣੀ ਦਾ ਗਹੁ ਨਾਲ ਵਾਚਨ ਵੀ ਨਹੀਂ ਕੀਤਾ। ਕੇਵਲ ਪਾਠ ਕਰਕੇ ਚਾਹੇ ਸਾਰਾ ਗੁਰੂ ਗ੍ਰੰਥ ਸਾਹਿਬ ਪੜ੍ਹ ਲਿਆ ਹੋਵੇ ਪਰ ਸਮਝ ਨਹੀਂ, ਕਿ ਕੀ ਪੜ੍ਹਿਆ ਹੈ। ਭਾਵ ਨਹੀਂ ਸਮਝਿਆ, ਇਸਦਾ ਤਤ ਨਹੀਂ ਕਢਿਆ। ਜਿਸ ਕੋਲ ਆਪਣੇ ਪਾਸ ਕੁਝ ਨਹੀਂ ਹੁੰਦਾ ਹੈ ਉਹ ਇਹੀ ਸਮਝਦਾ ਹੈ ਕਿਧਰੇ ਕੁਝ ਹੈ ਹੀ ਨਹੀਂ। ਅੰਨ੍ਹੇ ਨੂੰ ਰੰਗਾਂ ਦੀ ਕੀ ਸਮਝ! ਸੰਤ, ਭਗਤ ਦੀ ਵਡਿਆਈ ਹਰ ਮਨੁਖ ਨਹੀਂ ਸਮਝ ਸਕਦਾ।

ਬਾਣੀ ਕੀ ਹੈ? ਬਾਣੀ ਦੇ ਚਾਰ ਰੂਪ ਹਨ। ਸਭ ਤੋਂ ਪਹਿਲੇ ਉਹ ਬਾਣੀ ਹੈ ਜੋ ਅਕਾਲ ਪੁਰਖ ਦਾ ਹੁਕਮ ਹੈ। ਇਹ ਹੁਕਮ, ਅਨਹਤ ਸਬਦ ਹੈ। ਇਹ ਸਬਦ, ਨਾ ਕੰਨਾਂ ਨਾਲ ਅਸੀਂ ਸੁਣ ਸਕਦੇ ਹਾਂ, ਨਾ ਸਮਝ ਸਕਦੇ ਹਾਂ। ਇਹ ਹਰ ਥਾਂਈ ਮੌਜੂਦ ਹੈ, ਸਰਵ ਵਿਆਪਕ ਹੈ ਇਸਨੂੰ ਅਨਹਤ ਨਾਦ ਕਹਿੰਦੇ ਹਨ। ਇਹ ਸਬਦ (ਸ਼ਬਦ) ਇਕ-ਰਸ ਭਾਵ ਲਗਾਤਾਰ ਆਪਣੇ ਅਸਲ ਘਰ, ਭਾਵ, ਸੁੰਨ ਪ੍ਰਭੂ (ਪਾਰਬ੍ਰਹਮ) ਵਿਚ ਟਿਕਿਆ ਰਹਿੰਦਾ ਹੈ, ਤਿੰਨਾਂ ਲੋਕਾਂ ਦੀ ਜੋਤਿ ਬਾਰੇ ਇਹ ਸਬਦ ਹੀ ਦਸਦਾ ਹੈ। ਇਸਨੂੰ, ਇਸ ਅਨਹਦ ਬਾਣੀ ਨੂੰ, ਕਿਸੇ ਵਿਰਲੇ ਗੁਰਮੁਖ ਨੇ ਹੀ ਜਾਣਿਆ ਹੈ, ਕਿਸੇ ਵਿਰਲੇ ਨੇ ਹੀ ਇਸਦਾ ਰਾਜ਼ ਸਮਝਿਆ ਹੈ। ਨਾਨਕ ਸਚ ਆਖਦਾ ਹੈ ਕਿ ਜੋ ਇਸਦੇ ਰੰਗ ਵਿਚ ਰੰਗਿਆ ਜਾਂਦਾ ਹੈ ਉਸਦਾ ਇਹ ਰੰਗ ਕਦੇ ਨਹੀਂ ਉਤਰਦਾ।[71] ਇਸੇ ਸਬਦ ਦਾ ਜ਼ਿਕਰ ਇਸੇ ਬਾਣੀ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਪਹਿਲੇ ਕਰਦੇ ਹੋਏ ਕਹਿੰਦੇ ਹਨ, 'ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥' ਇਥੇ ਆ ਕੇ ਉਪਰ ਦਿਤੀ ਵਿਆਖਿਆ ਇਸ ਸ਼ਬਦ ਦੀ ਦੇ ਦਿੰਦੇ ਹਨ ਕਿ ਕਿਹੜਾ ਸਬਦ ਸ੍ਰੀ ਗੁਰੂ ਨਾਨਕ ਸਾਹਿਬ ਦਾ ਗੁਰੂ ਸੀ। ਇਥੋ ਸਪਸ਼ਟ ਹੋ ਗਿਆ ਕਿ ਉਹ ਅਨਹਦ ਸਬਦ ਸ੍ਰੀ ਗੁਰੂ ਨਾਨਕ ਸਾਹਿਬ ਦਾ ਗੁਰੂ ਸੀ। ਪਰ ਇਹ ਭਾਈ ਲਹਿਣਾ ਜੀ ਦਾ ਗੁਰੂ ਨਹੀਂ ਸੀ। ਭਾਈ ਲਹਿਣਾ ਜੀ ਦਾ ਗੁਰੂ ਤਾਂ ਸਬਦ ਦਾ ਚੇਲਾ ਗੁਰੂ ਨਾਨਕ ਹੀ ਸੀ। ਹਾਂ ! ਸ੍ਰੀ ਗੁਰੂ ਅੰਗਦ ਸਾਹਿਬ ਦਾ ਗੁਰੂ ਸਬਦ ਬਣ ਗਿਆ। ਸਾਡੀ ਅਵਸਥਾ ਤਾਂ ਭਾਈ ਲਹਿਣਾ ਜੀ ਦੇ ਨੇੜੇ ਤੇੜੇ ਵੀ ਨਹੀਂ, ਫ਼ਿਰ, ਸਾਡੀ ਇਤਨੀ ਅਵਸਥਾ ਨਹੀ ਕਿ ਅਸੀਂ ਇਹ ਕਹਿਣ ਦੀ ਜੁਰਅਤ ਕਰੀਏ ਕਿ ਸਾਡਾ ਗੁਰੂ, ਸਬਦ ਹੈ। ਸਬਦ ਨੂੰ ਗੁਰੂ ਬਣਾਉਣ ਲਈ ਇਕ ਅਵੱਸਥਾ ਤਕ ਪੁਜਣਾ

---

[71] ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ ॥
ਅਨਹਦ ਬਾਣੀ ਗੁਰਮੁਖ ਜਾਣੀ ਬਿਰਲੋ ਕੋ ਅਰਥਾਵੈ ॥
ਨਾਨਕੁ ਆਖੇ ਸਚੁ ਭਾਖੈ ਸਚਿ ਰਪੈ ਰੰਗੁ ਕਬਹੂ ਨ ਜਾਵੈ ॥

ਰਾਮਕਲੀ ਮ. ੧, ਸਿਧ ਗੋਸਿਟ, ਪੰਨਾ ੯45

ਪੈਂਦਾ ਹੈ। ਉਹ ਅਵੱਸਥਾ ਸਾਧੂ ਸੰਗਤਿ ਅਤੇ ਸਿਮਰਣ ਕਰਦੇ ਕਰਦੇ ਜਦੋਂ ਸਾਧੂ ਕਿਰਪਾ ਭਰਿਆ ਹੱਥ ਸਿਰ ਤੇ ਰਖ ਦਿੰਦਾ ਹੈ ਤਾਂ ਕਿਧਰੇ ਜਾ ਕੇ ਸਬਦ ਗੁਰੂ ਦੀ ਅਵੱਸਥਾ ਪ੍ਰਾਪਤ ਹੁੰਦੀ ਹੈ।

ਸਾਡਾ ਗੁਰੂ, ਸਬਦ ਕਿਵੇਂ ਹੋ ਸਕਦਾ ਹੈ ? ਸਾਡੇ ਲਈ ਤਾਂ ਸਾਧ ਦੀ ਕ੍ਰਿਪਾ ਤੋਂ ਬਿਨਾਂ ਉਹ ਸਬਦ ਅਗਮ ਅਤੇ ਅਪਹੁੰਚ ਹੈ। ਸ੍ਰੀ ਗੁਰੂ ਅਮਰਦਾਸ ਸਾਹਿਬ ਅਨੁਸਾਰ ਉਸ ਪਰਮਾਤਮਾ ਨੇ ਇਹ ਖੇਡ ਰਚੀ ਹੋਈ ਹੈ। ਉਸਨੇ ਅਨਹਤ ਸਬਦ ਦੀ ਰਚਨਾ ਕਰ ਦਿਤੀ ਅਤੇ ਮਨਮੁਖਾਂ ਨੂੰ ਇਸਦੀ ਸੋਝੀ ਨਾ ਦੇ ਕੇ ਸਿਰਫ਼ ਗੁਰਮੁਖਾਂ ਨੂੰ ਹੀ ਇਸਦੀ ਸੋਝੀ ਦਿਤੀ ਹੈ। ਇਸ ਦਾ ਕਾਰਣ ਉਹ ਆਪ ਬਣਦਾ ਹੈ।[72] ਉਹ ਖੰਡ, ਜਿਥੇ ਅਨਹਤ ਬਾਣੀ ਨੂੰ ਜਾਣਨ ਵਾਲੇ ਵਸਦੇ ਹਨ, ਉਹ ਬਹੁਤ ਨਿਰਾਲਾ ਅਸਥਾਨ ਹੈ, ਉਥੇ ਕੇਵਲ ਪਰਮਾਤਮਾ ਦੀ ਹੀ ਧੁਨ ਵਜਦੀ ਹੈ, ਸੁਣਦੀ ਹੈ। ਉਸ ਖੰਡ ਵਿਚ ਕੇਵਲ ਸੰਤਾ ਦੀ ਹੀ ਹੋਂਦ ਹੈ ਜੋ ਪਰਮਾਤਮਾ ਦੇ ਨਾਮ ਦੀ ਧੁਨੀ ਦਾ ਅਖਾੜਾ ਰਚੀ ਰਖਦੇ ਹਨ। ਇਸ ਅਨਹਦ ਬਾਣੀ ਦੀ ਅਵੱਸਥਾ ਵਾਲੇ ਸੰਤ ਜਨਾਂ ਵਿਚ ਸਿਰਫ਼ ਅਨੰਦ, ਭਾਵ ਖੇੜਾ ਹੀ ਖੇੜਾ ਹੈ, ਅਜਿਹਾ ਘਰ, ਪਰਮਾਤਮਾ ਨੇ ਨਾਨਕ ਨੂੰ ਬਖਸ਼ਿਆ ਹੈ। ਸੋ ਇਹ ਸਿਰਫ਼ ਸੰਤਾਂ, ਸਾਧਾਂ ਦਾ ਖੰਡ ਹੈ ਜੋ ਪਰਮਾਤਮਾ ਨਾਲ ਇਕਮਿਕ ਹਨ:

ਅਨਹਤ ਬਾਣੀ ਥਾਨੁ ਨਿਰਾਲਾ॥ ਤਾ ਕੀ ਧੁਨਿ ਮੋਹੇ ਗੋਪਾਲਾ॥੨॥
ਤਹ ਸਹਜ ਅਖਾਰੇ ਅਨੇਕ ਅਨੰਤਾ॥ ਪਾਰਬ੍ਰਹਮ ਕੇ ਸੰਗੀ ਸੰਤਾ॥੩॥
ਹਰਖ ਅਨੰਤ ਸੋਗ ਨਹੀ ਬੀਆ॥ ਸੋ ਘਰੁ ਗੁਰਿ ਨਾਨਕ ਕਉ ਦੀਆ॥੪॥

ਗਉੜੀ ਮਹਲਾ ੫, ਪੰਨਾ 186

ਅਨਹਤ ਸਬਦ ਤੋਂ ਬਾਅਦ ਉਹ ਸਬਦ ਹੈ ਜੋ ਪ੍ਰਮਾਤਮਾ ਆਪਣੇ ਭਗਤ ਜਾਂ ਸੰਤ ਨੂੰ ਹੁਕਮ ਕਰਕੇ ਸੁਣਾਂਦਾ ਹੈ। ਇਸ ਦਾ ਵੀ ਗਿਆਨ ਆਮ ਮਨੁਖ ਨੂੰ ਨਹੀਂ ਹੋ ਸਕਦਾ। ਜਿਵੇਂ ਅਕਾਲ ਪੁਰਖ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਹੁਕਮ ਦੇ ਕੇ ਕਿਹਾ।[73] ਪੂਰਨ ਰੂਪ ਵਿਚ ਕੀ ਗਲਬਾਤ ਹੋਈ ਕੋਈ ਨਹੀਂ ਜਾਣ ਸਕਦਾ। ਜਾਂ ਪਰਮਾਤਮਾ, ਜੋ, ਸੰਤ ਨੂੰ ਸਮੇਂ ਸਮੇਂ ਤੇ ਹੁਕਮ ਦਿੰਦਾ ਰਹਿੰਦਾ ਹੈ ਇਹ ਕੇਵਲ ਸੰਤ ਹੀ ਜਾਣ ਸਕਦਾ ਹੈ। ਸ੍ਰੀ ਗੁਰੂ ਅਰਜਨ ਸਾਹਿਬ ਨੇ ਦਸਿਆ ਹੈ ਕਿ ਸ੍ਰੀ ਅਕਾਲ ਪੁਰਖ ਸਾਹਿਬ, ਭਗਤ ਨਾਲ ਗਲਬਾਤ ਕਰਦੇ ਹਨ:

ਭਗਤ ਸੰਗਿ ਪ੍ਰਭੁ ਗੋਸਟਿ ਕਰਤ॥ ਰਾਮਕਲੀ ਮਹਲਾ ੫, ਪੰਨਾ 894

ਇਸੇ ਤਰ੍ਹਾਂ ਜਦੋਂ ਸੁਲਤਾਨ ਦੀ ਕੈਦ ਵਿਚ, ਜਦੋਂ ਗਰੁੜ ਦੇ ਪੰਖਾਂ ਦਾ ਖੜਾਕ ਆਇਆ, ਭਗਤ ਨਾਮਦੇਵ ਜੀ ਕੋਲ ਮਹਾਰਾਜ ਗਰੁੜ ਤੇ ਚੜ੍ਹ ਕੇ ਆਏ ਤਾਂ ਉਨ੍ਹਾਂ ਨੇ ਭਗਤ ਜੀ ਨਾਲ ਇੰਜ ਗਲਬਾਤ ਕੀਤੀ:

---

[72] ਤਿਨਿ ਕਰਤੈ ਇਕੁ ਚਲਤੁ ਉਪਾਇਆ ॥ ਅਨਹਦ ਬਾਣੀ ਸ਼ਬਦੁ ਸੁਣਾਇਆ ॥
ਮਨਮੁਖਿ ਭੂਲੇ ਗੁਰਮੁਖਿ ਬੁਝਾਇਆ ॥ ਕਾਰਣੁ ਕਰਤਾ ਕਰਦਾ ਆਇਆ ॥

ਭੈਰਉ ਮ. ੩, ਪੰਨਾ 1154

[73] ਮੈ ਅਪੁਨਾ ਸੁਤ ਤੋਹਿ ਨਿਵਾਜਾ॥ ਪੰਥ ਪ੍ਰਚੁਰ ਕਰਬੇ ਕਉ ਸਾਜਾ॥
ਜਹਾ ਤਰਾਂ ਤੈ ਧਰਮੁ ਚਲਾਏ॥ ਕਬੁਧਿ ਕਰਨ ਤੇ ਲੋਕ ਹਟਾਇ॥

ਸ੍ਰੀ ਗੁਰੂ ਗੋਬਿੰਦ ਸਿੰਘ, ਅਕਾਲ ਪੁਰਖ ਬਾਚ, ਬਚਿੱਤਰ ਨਾਟਕ

ਪਾਖੰਤਣ ਬਾਜ ਬਜਾਇਲਾ॥ ਗਰੁੜ ਚੜੇ ਗੋਬਿੰਦ ਆਇਲਾ॥੧੫॥
ਅਪਨੇ ਭਗਤ ਪਰਿ ਕੀ ਪ੍ਰਤਿਪਾਲ॥ ਗਰੁੜ ਚੜੇ ਆਏ ਗੋਪਾਲ॥੧੬॥
ਕਹਹਿ ਤ ਧਰਣਿ ਇਕੋਡੀ ਕਰਉ॥ ਕਹਹਿ ਤ ਲੇ ਕਰਿ ਊਪਰਿ ਧਰਉ॥੧੭॥
ਕਹਹਿ ਤ ਮੁਈ ਗਊ ਦੇਉ ਜੀਆਇ॥ ਸਭੁ ਕੋਈ ਦੇਖੈ ਪਤੀਆਇ॥੧੮॥
ਨਾਮਾ ਪ੍ਰਣਵੈ ਸੇਲ ਮਸੇਲ॥ ਗਊ ਦੁਹਾਈ ਬਛਰਾ ਮੇਲਿ॥੧੯॥

ਭੈਰਉ, ਨਾਮਦੇਵ ਜੀ, ਪੰਨਾ 1166

ਭਗਤ ਜੀ ਨੂੰ ਪੁਛਿਆ ਕਿ ਹੇ ਨਾਮਦੇਵ! ਕਹਿ ਤਾਂ ਧਰਤੀ ਟੇਢੀ ਕਰ ਦਿਆਂ, ਕਹਿ ਤਾਂ ਪੁਠੀ ਕਰ ਦਿਆਂ, ਕਹਿ ਤਾਂ ਮਰੀ ਗਾਂ ਜਿਵਾ ਦਿਆਂ, ਸਭ ਦੇਖ ਕੇ ਪਤੀਜ ਜਾਣ। ਤਾਂ ਭਗਤ ਜੀ ਨੇ ਗਊ ਜਿਵਾ ਦੇਣ ਨੂੰ ਕਹਿ ਦਿਤਾ।

ਇਹ ਮਧਮਾ ਬਾਣੀ ਹੈ। ਇਸ ਦੇ ਇਕ ਰੂਪ ਨੂੰ ਇਸਲਾਮ ਵਿਚ ਇਲਹਾਮ ਵੀ ਕਹਿੰਦੇ ਹਨ, ਇਹ ਪੂਰਨ ਵੀ ਹੋ ਸਕਦਾ ਹੈ ਅਤੇ ਅਧੂਰਾ ਵੀ। ਬ੍ਰਹਮਗਿਆਨੀ ਨੂੰ ਪੂਰਾ ਹੁੰਦਾ ਹੈ। ਇਸ ਤੋਂ ਅਗੇ, ਉਸ ਅਕਾਲ ਪੁਰਖ ਦੇ ਹੁਕਮ ਨੂੰ ਸਾਡੀ ਸਮਝਣ ਯੋਗ ਸ਼ਬਦਾਵਲੀ ਜਾਂ ਕ੍ਰਿਆਵਾਂ ਨਾਲ ਮਹਾਤਮਾ, ਸੰਤ, ਸਾਧ, ਆਮ ਮਨੁਖਾਂ ਨੂੰ ਸਮਝਾਉਂਦੇ ਹਨ, ਸਾਡੇ ਨਾਲ ਬਚਨ ਬਿਲਾਸ ਕਰਦੇ ਹਨ, ਉਹ ਪਾਸ਼ੰਤੀਬਾਣੀ ਹੈ। ਇਸ ਵਿਚ ਵਾਹਿਗੁਰੂ ਦੇ ਹੁਕਮ, ਅਨਹੱਤ ਨਾਦ, ਮਧਮਾ ਬਾਣੀ ਦਾ ਪੂਰਨ ਸਰੂਪ ਨਹੀਂ ਹੋ ਸਕਦਾ। ਉਸਦਾ ਛੋਟੇ ਤੋਂ ਛੋਟਾ ਅੰਸ਼ ਹੀ ਹੋ ਸਕਦਾ ਹੈ। ਮਹਾਤਮਾ ਇਤਨੇ ਕੁ ਹੀ ਨਹੀਂ ਹੁੰਦੇ, ਜਿਤਨੇ ਕੁ ਅਸੀਂ ਵੇਖ ਜਾਂ ਸਮਝਦੇ ਹਾਂ। ਉਹਨਾਂ ਦਾ ਅੰਤ ਕੋਈ ਨਹੀਂ ਪਾ ਸਕਦਾ। ਉਹ ਇਸ ਤੋਂ ਬਹੁਤ ਵਧ ਦਸ ਸਕਦੇ ਹਨ ਜਿਤਨਾ ਉਹ ਸਾਨੂੰ ਦਸਦੇ ਹਨ। ਇਸ ਪਾਸ਼ੰਤੀ ਬਾਣੀ ਦਾ ਛੋਟਾ ਜਿਹਾ ਹਿਸਾ ਲਿਖਤੀ ਰੂਪ ਵਿਚ ਆ ਜਾਂਦਾ ਹੈ ਜਿਸਨੂੰ ਬੈਖਰੀ ਬਾਣੀ ਕਿਹਾ ਜਾਂਦਾ ਹੈ। ਇਹ ਹਿਸਾ ਆਉਣ ਵਾਲੀਆਂ ਪੀੜ੍ਹੀਆਂ ਤਕ ਚਲਦਾ ਰਹਿੰਦਾ ਹੈ। ਇਸ ਦਾ ਸਰੂਪ, ਦੁਨੀਆਂ ਦੇ ਸਾਰੇ ਧਰਮ ਗ੍ਰੰਥ ਹਨ। ਗੁਰੂ ਗ੍ਰੰਥ ਸਾਹਿਬ ਵੀ ਬੈਖਰੀ ਬਾਣੀ ਦਾ ਹੀ ਸਰੂਪ ਹੈ। ਹੁਣ ਅਸੀਂ ਸਮਝ ਸਕਦੇ ਹਾਂ ਕਿ ਬਾਣੀ (ਅਨਹੱਦ ਸ਼ਬਦ) ਦਾ ਕਿੰਨਵਾਂ ਹਿਸਾ ਸਾਡੇ ਤਕ ਬੈਖਰੀ ਬਾਣੀ ਦੇ ਰੂਪ ਵਿਚ ਸਾਨੂੰ ਮਿਲਿਆ ਹੈ। ਗੁਰੂ ਸਾਹਿਬ ਜਦੋਂ ਬਾਣੀ ਨੂੰ ਗੁਰੂ ਕਹਿੰਦੇ ਹਨ ਤਾਂ ਉਹਨਾਂ ਦਾ ਮਤਲਬ ਅਨਹੱਤ ਸ਼ਬਦ ਨਾਲ ਹੀ ਹੈ। ਇਸ ਅਨਹੱਤ ਸਬਦ ਨੂੰ ਸੰਤ ਸਾਡੇ ਤਕ ਪੁਚਾਂਦੇ ਹਨ। ਇਸ ਲਈ ਗੁਰੂ ਸਾਹਿਬ ਨੇ ਸੰਤ ਨੂੰ ਉਹ ਅਨਹੱਤ ਸ਼ਬਦ ਜਾਂ ਬਾਣੀ ਦੀ ਕੁੰਜੀ ਕਿਹਾ ਹੈ। ਪਰਮਾਤਮਾ ਆਪਣੇ ਭਗਤ ਨਾਲ ਗਲਬਾਤ ਜਾਂ ਗੋਸ਼ਟੀ ਕਰਦਾ ਹੈ ਭਾਵ ਉਸਨੂੰ ਅਨਹਦ ਸ਼ਬਦ ਦੇ ਦਿੰਦਾ ਹੈ। ਉਸ ਅਵਸਥਾ ਵਿਚ ਹਰਖ, ਸੋਗ, ਜਨਮ, ਮਰਨ ਦਾ ਉਸ ਭਗਤ ਉਪਰੋਂ ਕੰਟਰੋਲ ਉਠ ਕੇ ਭਗਤ ਦੇ ਹਥ ਆ ਜਾਦਾ ਹੈ। ਫਿਰ ਪਰਮਾਤਮਾ ਜਿਸਨੂੰ ਚਾਹੁੰਦਾ ਹੈ ਇਹ ਦਿਵਾਉਣਾ, ਉਸਨੂੰ ਉਹ ਸਾਧ ਮਿਲਾ ਦਿੰਦਾ ਹੈ। ਜਿਸ ਦੀ ਸੰਗਤ ਦੁਆਰਾ ਅਜਿਹੇ ਧਨ ਦੀ ਪ੍ਰਾਪਤੀ ਹੋ ਜਾਂਦੀ ਹੈ।[74] ਸੋ ਬਾਣੀ ਦੀ ਪਰਿਭਾਸ਼ਾ ਇਸ ਸਾਰੇ ਵਿਚਾਰ ਤੋਂ

---

[74] ਅਨਹਦ ਬਾਣੀ ਪੂੰਜੀ॥ ਸੰਤਨ ਹਥਿ ਰਾਖੀ ਕੂੰਜੀ॥...
ਭਗਤ ਸੰਗਿ ਪ੍ਰਭੁ ਗੋਸਟਿ ਕਰਤ॥ ਤਹ ਹਰਖ ਨ ਸੋਗ ਨ ਜਨਮ ਨ ਮਰਤ॥

ਸਪੱਸ਼ਟ ਹੋ ਜਾਂਦੀ ਹੈ ਕਿ ਕਿਹੜੀ ਬਾਣੀ ਨੂੰ ਗੁਰੂ ਸਾਹਿਬਾਨ, ਗੁਰੂ ਕਹਿ ਰਹੇ ਹਨ। ਸਾਡੇ ਲਈ ਤਾਂ ਸੰਤ ਜੋ ਜੋ ਉਚਾਰਦੇ ਹਨ, ਆਪਣੇ ਮੁਖਾਰਬਿੰਦ ਤੋਂ ਬੋਲਦੇ ਹਨ ਉਹੀ ਸ਼ਬਦ, ਧਰਮ ਗ੍ਰੰਥਾਂ ਤੋਂ ਘਟ ਨਹੀਂ ਹੁੰਦੇ। ਸੰਤ ਹੀ ਵੇਦਾਂ, ਧਰਮ ਗ੍ਰੰਥਾਂ ਦੇ ਰਚਨਹਾਰ ਹੁੰਦੇ ਹਨ। ਉਹਨਾਂ ਦਾ ਹਰ ਸ਼ਬਦ ਵੇਦ ਜਾਂ ਕਿਸੇ ਹੋਰ ਧਰਮ ਗ੍ਰੰਥ ਦੇ ਵਚਨਾਂ ਤੋਂ ਘਟ ਨਹੀਂ ਹੁੰਦਾ।[75] ਇਸ ਤੋਂ ਇਲਾਵਾ, ਭਗਤ ਕਬੀਰ ਜੀ ਪ੍ਰਸ਼ਨਾਤਮਕ ਢੰਗ ਨਾਲ ਸਮਝਾਉਂਦੇ ਹਨ ਕਿ ਕਿਰਤ ਨਾਲੋਂ ਹਮੇਸ਼ਾਂ ਕਰਤਾ ਵਡਾ ਹੁੰਦਾ ਹੈ, ਜਿਵੇਂ ਬ੍ਰਹਮਾ ਨੂੰ ਪੈਦਾ ਕਰਨ ਵਾਲਾ, ਬ੍ਰਹਮਾ ਤੋਂ ਵਡਾ ਹੈ, ਤੀਰਥ ਨੂੰ ਪੈਦਾ ਕਰਨ ਵਾਲਾ ਮਹਾਂਪੁਰਖ, ਤੀਰਥ ਤੋਂ ਵਡਾ ਹੈ, ਇਸੇ ਤਰ੍ਹਾਂ ਧਰਮ ਗ੍ਰੰਥ ਦਾ ਰਚਨਹਾਰ ਵਡਾ ਹੈ:

ਬ੍ਰਹਮਾ ਬਡਾ ਕਿ ਜਾਸੁ ਉਪਾਇਆ॥ ਬੇਦੁ ਬਡਾ ਕਿ ਜਹਾਂ ਤੇ ਆਇਆ॥
ਕਹਿ ਕਬੀਰ ਹਉ ਭਇਆ ਉਦਾਸ॥ ਤੀਰਥੁ ਬਡਾ ਕਿ ਹਰਿ ਕਾ ਦਾਸੁ॥

ਗਉੜੀ (ਕਬੀਰ ਜੀ), ਪੰਨਾ 331

ਭਾਈ ਗੁਰਦਾਸ ਜੀ ਵੀ ਪਾਵਨ ਧਰਮ ਗ੍ਰੰਥਾਂ ਦੇ ਨਾਲ ਨਾਲ ਉਨ੍ਹਾਂ ਦੇ ਸਮਝਾਉਣ ਹਿਤ ਪਰਮਾਤਮਾ ਨਾਲ ਅਭੇਦ ਮਹਾਤਮਾ ਦੀ ਲੋੜ ਤੇ ਜ਼ੋਰ ਦਿੰਦੇ ਹਨ:

ਬੇਦ ਗਿਰੰਥ ਗੁਰ ਹਟਿ ਹੈ ਜਿਸੁ ਲਗਿ ਭਵਜਲ ਪਾਰ ਉਤਾਰਾ॥
ਸਤਿਗੁਰ ਬਾਝੁ ਨ ਬੁਝੀਐ ਜਿਚਰੁ ਧਰੇ ਨ ਪ੍ਰਭੁ ਅਵਤਾਰਾ॥

ਭਾਈ ਗੁਰਦਾਸ ਜੀ, ਵਾਰ-1:17

ਅਜ ਕਲ ਦੇ ਸੰਤ ਨਿੰਦਕ ਕੇਵਲ ਪਰਾ ਬਾਣੀ ਜਾਂ ਅਨਹੱਦ ਬਾਣੀ ਦੀ ਗੁਰਿਆਈ ਨੂੰ ਸਮਝੇ ਬਿਨਾਂ ਸੰਤਾਂ ਦੀ ਨਿੰਦਿਆ ਕਰਨੋ ਬਾਜ਼ ਨਹੀਂ ਆਉਂਦੇ। ਭਗਤ ਕਬੀਰ ਜੀ ਅਜਿਹੇ ਲੋਕਾਂ ਬਾਰੇ ਬੜੇ ਸੁੰਦਰ ਸ਼ਬਦਾਂ ਵਿਚ ਬਿਆਨ ਦਿੰਦੇ ਹਨ: "ਹੇ ਬ੍ਰਾਹਮਣ (ਜਾਂ ਧਰਮ ਦੇ ਠੇਕੇਦਾਰ)! ਜਿਸ ਦੇ ਮੂੰਹੋਂ ਵੇਦ ਗਾਇਤ੍ਰੀ (ਆਦਿ ਧਰਮ ਗ੍ਰੰਥ) ਨਿਕਲਦੇ ਹਨ ਤੂੰ ਉਸਨੂੰ ਕਿਉਂ ਨਹੀਂ ਮੰਨਦਾ, ਜਿਸ ਦੇ ਚਰਨਾਂ ਤੇ ਸਾਰਾ ਸੰਸਾਰ ਪੈਂਦਾ ਹੈ ਤੂੰ ਉਸਨੂੰ ਮਨ ਵਿਚ ਕਿਉਂ ਨਹੀਂ ਵਸਾਉਂਦਾ। ਤੂੰ ਆਪਣੇ ਆਪ ਨੂੰ ਬ੍ਰਾਹਮਣ (ਧਰਮ ਦਾ ਠੇਕੇਦਾਰ) ਸਮਝਦਾ ਹੈ ਮੈਂ ਤੇਰੀਆਂ ਨਜ਼ਰਾਂ ਵਿਚ ਕਾਸ਼ੀ ਦਾ ਗਰੀਬ ਜੁਲਾਹਾ ਹਾਂ। ਸੋ ਮੇਰੀ ਤੇਰੀ ਬਰਾਬਰੀ ਕਿਵੇਂ ਹੋ ਸਕਦੀ ਹੈ। ਭਾਵ, ਤੂੰ ਆਪਣੇ ਧਰਮ ਗ੍ਰੰਥਾਂ ਦੇ ਗਿਆਨ ਦੇ ਮਾਣ ਵਿਚ ਮੇਰੀ ਗਲ ਤਾ ਧਿਆਨ ਨਾਲ ਸੁਣ ਹੀ ਨਹੀਂ ਸਕਦਾ। ਪਰ ਸਾਡੇ ਤਾਂ (ਭਾਗ ਭਗਤ ਜਨ) ਪਰਮਾਤਮਾ ਦਾ ਨਾਮ ਸਿਮਰ ਸਿਮਰ ਕੇ ਬਚ ਗਏ ਹਾਂ ਤੂੰ ਤਾਂ ਹੇ ਪੰਡਿਤ (ਧਰਮ ਦੇ ਠੇਕੇਦਾਰ)! ਵੇਦਾਂ ਆਦਿ ਧਰਮ ਗ੍ਰੰਥਾਂ ਦੇ ਆਸਰੇ ਡੁਬ ਕੇ ਮਰ ਰਿਹਾ ਹੈ। ਭਾਵ ਧਰਮ ਗ੍ਰੰਥਾਂ ਦੇ ਕੇਵਲ ਪਾਠ-ਰਟਨ ਦੇ ਆਸਰੇ ਸੰਸਾਰ ਸਾਗਰ ਤੋਂ ਤਰਿਆ ਨਹੀਂ ਜਾ

---

ਕਰਿ ਕਿਰਪਾ ਜਿਸੁ ਆਪ ਦਿਵਾਇਆ॥ ਸਾਧ ਸੰਗਿ ਤਿਨਿ ਹਰਿ ਧਨੁ ਪਾਇਆ॥

ਰਾਮਕਲੀ ਮ. ੫, ਪੰਨਾ 893-894

[75] ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹਿੰਦੇ॥
ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥
ਪ੍ਰਗਟ ਪਹਾਰਾ ਜਾਪਦਾ ਸਭ ਲੋਕ ਸੁਣੰਦੇ॥ ਗਉੜੀ ਕੀ ਵਾਰ ਮ. ੪, ਪੰਨਾ 306

ਸਕਦਾ।"[76] ਸੋ ਧਰਮ ਗ੍ਰੰਥਾਂ ਨੂੰ ਸਮਝਣਾ ਹਰ ਵਿਅਕਤੀ ਦੇ ਵਸ ਦਾ ਕਾਰਜ ਨਹੀਂ ਹੁੰਦਾ। ਉਹਨਾਂ ਵਿਚ ਭਰੇ ਖਜ਼ਾਨੇ ਦੀ ਕੁੰਜੀ ਤਾਂ ਪਰਮੇਸ਼ਰ ਨੇ ਸੰਤਾਂ ਦੇ ਹਥ ਵਿਚ ਹੀ ਸੌਂਪੀ ਹੈ, ਉਹੀ ਉਸ ਖਜ਼ਾਨੇ ਤਕ ਸਾਨੂੰ ਪਹੁੰਚਾ ਸਕਦੇ ਹਨ ਕਿਉਂਕਿ ਉਹ ਜੋ ਦਸਦੇ ਹਨ, ਵੇਖ ਕੇ ਦਸਦੇ ਹਨ, ਆਮ ਮਨੁਖ ਵਾਂਗ ਸੁਣੀ ਸੁਣਾਈ ਬਾਤ ਨਹੀਂ ਦਸਦੇ।[77] ਕੋਈ ਧਰਮ ਗ੍ਰੰਥ ਪਰਮਾਤਮਾ ਦੇ ਭੇਦ ਨੂੰ ਨਹੀਂ ਜਾਣ ਸਕਦਾ।[78] ਇਸੇ ਤਰ੍ਹਾਂ ਵੇਦ ਆਦਿ ਹੋਰ ਸਾਰੇ ਧਰਮ ਗ੍ਰੰਥ, ਸੰਤ ਅਥਵਾ ਬ੍ਰਹਮਗਿਆਨੀ ਅਥਵਾ ਸਾਧ ਦੀ ਮਹਿਮਾ ਨੂੰ ਨਹੀਂ ਜਾਣ ਸਕਦੇ। ਜਿਤਕਾ ਕੁ ਕੋਈ ਮਹਾਤਮਾ ਦਸਣਾ ਚਾਹੁੰਦਾ ਹੈ ਉਤਨਾ ਹੀ ਧਰਮ ਗ੍ਰੰਥ ਵਿਚ ਲਿਖ ਦਿੰਦਾ ਹੈ,[79] ਪੂਰਨ ਭੇਦ ਉਹ ਕਦੇ ਨਹੀਂ ਦਿੰਦਾ।[80] ਉਸ ਦਾ ਕਾਰਨ ਇਹ ਹੈ ਕਿ ਪੂਰਨ ਗਿਆਨ ਲਈ ਹਰ ਬੰਦਾ ਨਾਂ ਹੀ ਯੋਗ ਹੁੰਦਾ ਹੈ ਅਤੇ ਨਾਂ ਹੀ ਪਚਾਅ ਸਕਦਾ ਹੈ। ਇਸ ਲਈ ਤਾਂ ਸੰਤ ਉਹਨਾਂ ਮਨੁਖਾਂ ਨੂੰ, ਜਿਨ੍ਹਾਂ ਤੇ ਉਹਨਾਂ ਦੀ ਮਿਹਰ ਹੋ ਜਾਵੇ, ਸਹਿਜੇ ਸਹਿਜੇ ਤਿਆਰ ਕਰਦਾ ਹੈ ਅਤੇ ਥੋੜੀ ਥੋੜੀ ਕਰਕੇ ਖੁਰਾਕ ਦੇਣੀ ਸ਼ੁਰੂ ਕਰਦਾ ਹੈ। ਕਿਸੇ ਨੂੰ ਇਕ ਦਮ ਬ੍ਰਹਮਗਿਆਨੀ ਨਹੀਂ ਬਣਾ ਦਿੰਦਾ। ਕਈ ਜਨਮ ਵੀ ਲਗ ਸਕਦੇ ਹਨ ਪਰ ਜਿਸਨੂੰ ਇਕ ਵੇਰ ਕੋਈ ਪੂਰਨ ਸੰਤ ਅਪਨਾ ਲੈਂਦਾ ਹੈ, ਉਹ ਅਖੀਰ, ਪੂਰਨ ਹੋ ਹੀ ਜਾਂਦਾ ਹੈ। ਸੰਤ ਦੀ ਸੰਗਤ ਕਰਨ ਵਾਲਾ ਸੰਤ ਹੀ ਹੋ ਨਿਬੜਦਾ ਹੈ। ਪਰ ਇਸ ਲਈ ਉਸ ਸੰਤ ਗੁਰੂ ਦੀ ਅਣਥੱਕ ਸੇਵਾ ਕਰਨੀ ਪੈਂਦੀ ਹੈ। ਆਪਣਾ ਆਪਾ ਗਵਾਉਣਾ ਪੈਂਦਾ ਹੈ।[81]

ਅਸਲ ਵਿਚ ਸੰਤਾਂ ਦੀ ਵਿਰੋਧਤਾ ਕਰਨ ਵਾਲਿਆਂ ਦੀ ਸਮੱਸਿਆ ਇਕ ਇਹ ਵੀ ਹੈ ਕਿ ਅਸਲ ਸੰਤ ਦੀ ਪਛਾਣ ਕਰਨੀ ਕੋਈ ਸੌਖਾ ਕੰਮ ਨਹੀਂ। ਨਕਲੀ, ਅਖਉਤੀ ਸੰਤਾਂ ਦੀ ਇਤਨੀ ਭਰਮਾਰ ਹੋ ਗਈ ਹੈ ਕਿ ਕਈ ਵਾਰ ਅਸਲ ਤੇ ਵੀ ਨਕਲ ਹੋਣ ਦਾ ਸ਼ੱਕ ਪੈ ਜਾਂਦਾ ਹੈ। ਕੋਈ ਸੰਤ ਕਹਾ ਕੇ ਸੰਤ ਨਹੀਂ ਬਣ ਜਾਂਦਾ। ਸੰਤ ਕੋਈ ਬਣਦੇ ਨਹੀਂ ਜਾਂ ਬਣਾਏ ਨਹੀਂ ਜਾਂਦੇ, ਇਹ ਤਾਂ ਧੁਰ ਪਰਮੇਸ਼ਰ ਦੇ ਦਰਗਾਹ ਦੀ ਦਾਤ ਹੈ। ਸ੍ਰੀ ਗੁਰੂ ਅਰਜਨ ਦੇਵ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਸੰਤ ਤਾਂ ਉਹੀ ਹੈ ਜੋ ਪ੍ਰਭੂ ਨੂੰ ਭਾਅ ਗਿਆ ਅਤੇ ਫ਼ਿਰ ਸੰਤ ਦੇ ਕਾਰਜ ਵੀ ਪ੍ਰਭੂ ਵਾਲੇ ਹੀ ਹੁੰਦੇ ਹਨ:

---

[76] ਜਿਹ ਮੁਖ ਬੇਦੁ ਗਾਇਤ੍ਰੀ ਨਿਕਸੈ ਸੋ ਕਿਉ ਬ੍ਰਹਮਨੁ ਬਿਸਰੁ ਕਰੈ॥
ਜਾ ਕੈ ਪਾਇ ਜਗਤੁ ਸਭ ਲਾਗੈ ਸੋ ਕਿਉ ਪੰਡਿਤੁ ਹਰਿ ਨ ਕਹੈ॥...
ਤੂੰ ਬ੍ਰਹਮਨੁ ਮੈਂ ਕਾਸੀਕ ਜੁਲਹਾ ਮੁਹਿ ਤੋਹਿ ਬਰਾਬਰੀ ਕੈਸੇ ਕੈ ਬਨਹਿ॥
ਹਮਰੇ ਰਾਮ ਨਾਮ ਕਹਿ ਉਬਰੇ ਬੇਦ ਭਰੋਸੇ ਪਾਂਡੇ ਡੂਬਿ ਮਰਹਿ॥ ਰਾਮਕਲੀ, ਕਬੀਰ ਜੀ, ਪੰਨਾ ੧੭੦

[77] ਸੰਤਨ ਕੀ ਸੁਣਿ ਸਾਚੀ ਸਾਖੀ॥ ਸੋ ਬੋਲਹਿ ਜੋ ਪੇਖਹਿ ਆਖੀ॥ ਰਾਮਕਲੀ ਮ. ੫, ਪੰਨਾ ੮੯੪

[78] ਮਹਿਮਾ ਨਾ ਜਾਨਹਿ ਬੇਦ.....॥ ਪਰਮੇਸਰੁ ਪਾਰਬ੍ਰਹਮ ਬੇਅੰਤੁ॥ ਰਾਮਕਲੀ ਮ. ੫, ਪੰਨਾ ੮੯੪

[79] ਸਾਧ ਕੀ ਮਹਿਮਾ ਬੇਦ ਨ ਜਾਨਹਿ॥ ਜੇਤਾ ਸੁਨਹਿ ਤੇਤਾ ਬਖਿਆਨਹਿ॥
ਗਉੜੀ ਸੁਖਮਨੀ ਮ. ੫, ਪੰਨਾ 272

[80] ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥੧੧੬॥ ਸਲੋਕ, ਸੇਖ ਫਰੀਦ ਜੀ, ਪੰਨਾ 1384

[81] ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ॥
ਪਾਰਸ ਪਰਸਿਐ ਪਾਰਸੁ ਹੋਵੈ ਸਚਿ ਰਹੈ ਲਿਵ ਲਾਇ॥ ਸਲੋਕ ਮ. ੩, ਸੋਰਠਿ ਕੀ ਵਾਰ ਮ.੪, ਪੰਨਾ ੬੪੯

ਸੋਈ ਸੰਤੁ ਜਿ ਭਾਵੈ ਰਾਮ॥ ਸੰਤ ਗੋਬਿੰਦ ਕੈ ਏਕੈ ਕਾਮ॥ ਗੋਂਡ ਮਹਲਾ ੫, ਪੰਨਾ 867

ਸੰਤ ਉਹੀ ਹਨ ਜਿਹਨਾਂ ਨੂੰ ਪਰਮੇਸ਼ਰ ਸੰਤ ਮੰਨਦਾ ਹੈ ਅਤੇ ਇਹਨਾਂ ਦੀ ਪਛਾਣ ਵੀ ਪ੍ਰਭੂ ਕਿਰਪਾ ਸਦਕਾ ਹੀ ਹੁੰਦੀ ਹੈ।[82] ਨਕਲੀ ਭੇਸ ਧਾਰ ਲੈਣ ਨਾਲ, ਚੋਗੇ ਪਾਣ ਨਾਲ ਜਾਂ ਗਾਤਰੇ ਉਤੋਂ ਦੀ ਪਾ ਲੈਣ ਨਾਲ ਜਾਂ ਤਿੰਨ ਫੁਟੀ ਕਿਰਪਾਨ ਹਥ ਵਿਚ ਫ਼ੜਨ ਨਾਲ ਕੋਈ ਸੰਤ ਨਹੀਂ ਬਣ ਜਾਂਦਾ। ਭਗਤ ਕਬੀਰ ਜੀ ਨੇ ਆਪਣੇ ਸਮੇਂ ਦੇ ਬਨਾਰਸ ਦੇ ਅਖਉਤੀ ਸੰਤਾਂ ਦਾ ਚਿਤਰ ਖਿਚਿਆ ਹੈ ਕਿ ਸਾਢੇ ਤਿੰਨ ਗਜ਼ ਧੋਤੀ, ਤਿੰਨ ਡੋਰਾਂ ਵਾਲਾ ਜਨੇਊ, ਗਲਾਂ ਵਿਚ ਜਪਮਾਲਾ, ਹਥਾਂ ਵਿਚ ਲਿਸ਼ਕਦੇ ਲੋਟੇ ਰਖਣ ਵਾਲੇ ਠਗ ਹਰੀ ਦੇ ਸੰਤ ਨਹੀਂ ਕਹੇ ਜਾ ਸਕਦੇ।[83] ਕਬੀਰ ਜੀ ਫ਼ੁਰਮਾਉਂਦੇ ਹਨ ਕਿ ਅਜਿਹੇ ਝੂਠੇ ਸੰਤ ਪਰਮੇਸ਼ਰ ਨੂੰ ਨਹੀਂ ਭਾਉਂਦੇ ਜਿਹੜੇ ਮੁਢ ਨੂੰ ਡਾਲੀ ਸਮੇਤ ਹੜੱਪ ਜਾਂਦੇ ਹਨ।[84] ਸੰਤ ਦੀ ਪਛਾਣ ਲਈ ਤਾਂ ਪ੍ਰਭੂ ਨੂੰ ਅਰਦਾਸ ਕਰਨੀ ਹੀ ਲੋੜੀਂਦੀ ਹੈ।

ਸੰਤ ਦੀ ਸੰਗਤ ਕਰਨ ਲਈ ਸਭ ਤੋਂ ਜ਼ਰੂਰੀ ਗਲ ਹੈ ਕਿ ਮਨੁਖ ਨੂੰ ਆਪਣੇ ਸੁਭਾਅ ਵਿਚ ਨਿਮਰਤਾ ਲਿਆਉਣੀ ਚਾਹੀਦੀ ਹੈ। ਆਪਣੀ ਸਿਆਣਪ ਛਡ ਕੇ ਸੰਤ ਦੇ ਚਰਨਾਂ ਦਾ ਆਸਰਾ ਲੈਣਾ ਬਣਦਾ ਹੈ।[85] ਜੋ ਵੀ ਸੰਤ ਕਹੇ ਉਹੀ ਸਤ ਕਰਕੇ ਮੰਨਣਾ ਬਹੁਤ ਜ਼ਰੂਰੀ ਹੈ।[86] ਭਾਈ ਲਹਿਣਾ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਰ ਬਚਨ ਨੂੰ, ਚਾਹੇ ਉਹ ਮੰਨਣ ਯੋਗ ਸੀ ਚਾਹੇ ਨਹੀਂ, ਸਤ ਕਰਕੇ ਮੰਨਿਆ। ਜੋ ਅਜਿਹਾ ਮੰਨਦਾ ਹੈ ਉਹੀ ਪ੍ਰਾਪਤੀ ਦਾ ਹਕਦਾਰ ਹੈ। ਪਰ ਇਹ ਕੰਮ ਹੈ ਬਹੁਤ ਮੁਸ਼ਕਿਲ। ਸੰਤ ਦੀ ਸੰਗਤ ਕਰਨੀ ਦੁਨੀਆਂ ਦਾ ਸਭ ਤੋਂ ਮੁਸ਼ਕਿਲ ਕੰਮ ਹੈ ਕਿਉਂਕਿ ਸ੍ਰੀ ਗੁਰੂ ਰਾਮਦਾਸ ਸਾਹਿਬ ਆਪ ਫ਼ੁਰਮਾਉਂਦੇ ਹਨ ਕਿ **ਗੁਰ ਪੀਰਾਂ ਦੀ ਚਾਕਰੀ ਮਹਾਂ ਕਰੜੀ** ਹੈ ਪਰ ਅਖੀਰ ਤੇ ਸੁਖ ਦੇਣ ਵਾਲੀ ਵੀ ਹੈ।[87] **ਸੰਤ ਦੀ ਸੇਵਾ ਬਾਰੇ ਨਿਮਰਤਾ ਤੇ ਆਪਾ ਵਾਰਨਾ ਜ਼ਰੂਰੀ ਹੈ** ਕਿ ਆਪਣੇ ਕੇਸਾਂ ਨਾਲ ਉਸ ਦੇ ਚਰਨ ਝਾੜਨ ਲਈ ਤੱਤਪਰ ਰਹੇ। ਇਤਨਾ ਹੀ ਨਹੀਂ ਆਪਣਾ ਸਿਰ ਦੇ ਕੇ ਵੀ ਉਸ ਦੇ ਗੁਣਾਂ ਦਾ ਗਾਨ ਕਰੇ।[88] ਇਤਿਹਾਸ ਗਵਾਹ ਕਿ ਗੁਰੂ ਤੋਂ ਸਿਖਾਂ ਨੇ ਹਸਦੇ ਹਸਦੇ ਜਾਨਾਂ ਵਾਰੀਆ ਅਤੇ ਫ਼ਿਰ ਵੀ ਗੁਰੂ ਦੀ ਸਿਫ਼ਤ ਸਲਾਹ ਕਰਦੇ ਰਹੇ, ਉਸ ਦਾ ਸ਼ੁਕਰ ਮਨਾਉਂਦੇ ਰਹੇ, ਮਥੇ ਤੇ ਸ਼ਿਕਨ ਤਕ ਨਹੀਂ ਆਈ। ਪਟਿਆਲੇ ਵਿਚ ਡੇਰਾ ਬਾਬਾ ਜੱਸਾ ਸਿੰਘ ਵਿਖੇ ਮਾਈ ਜੱਸੀ ਨੇ

---

[82] ਸਾਧੂ ਸੰਤੁ ਸੁਜਾਣੁ ਸੋਈ ਜਿਸਹਿ ਪ੍ਰਭੁ ਜੀ ਮਾਨਈ॥
ਬਿਨਵੰਤਿ ਨਾਨਕ ਕਰਹੁ ਕਿਰਪਾ ਸੋਇ ਤੁਝਹਿ ਪਛਾਨਈ ॥ ਰਾਮਕਲੀ ਮ. ੫, ਪੰਨਾ 925

[83] ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥
ਗਲੀ ਜਿਨਾ ਜਪਮਾਲੀਆ ਲੋਟੇ ਹਥਿ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥ ਕਬੀਰ ਜੀ, ਪੰਨਾ 475-476

[84] ਐਸੇ ਸੰਤ ਨ ਮੋ ਕਉ ਭਾਵਹਿ॥ ਡਾਲਾ ਸਿਉ ਪੇਡਾ ਗਟਕਾਵਹਿ॥ ਉਹੀ

[85] ਉਕਤਿ ਸਿਆਣਪ ਸਗਲੀ ਤਿਆਗੁ॥ ਸੰਤ ਜਨਾ ਕੀ ਚਰਣੀ ਲਾਗੁ॥ ਗਉੜੀ ਮ. ੫, ਪੰਨਾ- 177

[86] ਸੰਤ ਕੀ ਕੀਆ ਸਤਿ ਕਰਿ ਮਾਨ॥ ਉਹੀ

[87] ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ॥ ਸਲੋਕ ਮ. ੪ (ਵਾਰਾਂ ਤੇ ਵਧੀਕ) ਪੰਨਾ 1422

[88] ਟਹਲ ਕਰਉ ਤੇਰੇ ਦਾਸ ਕੀ ਪਗ ਝਾਰਉ ਬਾਲ॥
ਮਸਤਕੁ ਅਪਨਾ ਭੇਟ ਦੇਉ ਗੁਨ ਸੁਨਉ ਰਸਾਲ॥ ਬਿਲਾਵਲ ਮ. ੫, ਪੰਨਾ 810

ਸੰਤ ਬਾਬਾ ਹਰਦਿਤ ਸਿੰਘ ਜੀ ਦੀ ਸੇਵਾ ਸਾਧੀ ਜੋ ਸੰਤ ਸੇਵਾ ਦੀ ਇਕ ਮਿਸਾਲ ਹੈ। ਪਰ ਜਿਊਂਦੇ ਜੀਅ ਉਨ੍ਹਾਂ ਨੂੰ ਕਈ ਔਕੜਾਂ ਆਈਆਂ ਤੇ ਬਹੁਤ ਕੁਝ ਸਹਿਣਾ ਪਿਆ ਪਰ ਉਨ੍ਹਾਂ ਨੇ ਲੋਕਲਾਜ ਦੀ ਕੋਈ ਪਰਵਾਹ ਨਹੀਂ ਕੀਤੀ। ਮਹਾਂਪੁਰਖਾਂ ਦੇ ਬਚਨਾਂ ਕਰਕੇ ਅਜ ਉਹ ਬਾਬਾ ਜੱਸਾ ਸਿੰਘ ਕਰਕੇ ਜਾਣੇ ਜਾਂਦੇ ਹਨ। ਹਜ਼ਾਰਾਂ ਸਿਰ ਉਨ੍ਹਾਂ ਦੇ ਅਸਥਾਨ ਤੇ ਝੁਕਦੇ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਤ ਦੀ ਸੰਗਤ ਦਾ ਵੱਲ ਬਹੁਤ ਸੁੰਦਰ ਤਰੀਕੇ ਨਾਲ ਸਮਝਾਇਆ ਹੈ ਅਤੇ ਦਸਿਆ ਹੈ ਕਿ ਇਹ ਉਹੀ ਕਰ ਸਕਦਾ ਹੈ ਜਿਸਨੂੰ ਪ੍ਰਭੂ ਮਿਲਾਪ ਦੀ ਤਾਂਘ ਹੁੰਦੀ ਹੈ। ਉਹ ਉਸ ਪਰਮਾਤਮਾ ਨੂੰ ਸੰਤ ਦੇ ਮਿਲਾਪ ਦੀ ਅਰਜ਼ੋਈ ਕਰਦਾ ਹੈ। ਫ਼ਿਰ ਉਹ ਮਨ, ਧਨ, ਤਨ ਉਸ ਅਗੇ ਸਮਰਪਿਤ ਕਰ ਦਿੰਦਾ ਹੈ ਅਤੇ ਸੰਤ ਜੋ ਵੀ, ਪ੍ਰਭੂ ਦੇ ਬਾਰੇ, ਕੁਝ ਦਸਦਾ ਹੈ ਉਸਦੇ ਪਿਛੇ ਰੋਜ਼ ਪਾਗਲਾਂ ਵਾਂਗ ਭਜਿਆ ਫਿਰਦਾ ਹੈ।[89] ਭਗਤ ਕਬੀਰ ਜੀ ਕਹਿੰਦੇ ਹਨ ਕਿ ਮੇਰੀ ਤਾਂਘ ਹੈ ਕਿ ਮੈਂ ਸਾਧੂ ਦੀ ਸੰਗਤ ਹਮੇਸ਼ਾਂ ਕਰਦਾ ਰਹਾਂ ਚਾਹੇ ਕਮਾਈ ਬਹੁਤ ਹੀ ਘਟ ਜਾਏ ਅਤੇ ਚਾਹੇ ਮੈਂ ਜੌਂ ਦੇ ਛਿਲੜ ਖਾ ਕੇ ਗੁਜ਼ਾਰਾ ਕਰਨ ਤੇ ਮਜ਼ਬੂਰ ਹੋ ਜਾਵਾਂ। ਸਾਧੂ ਦੀ ਸੰਗਤ ਲਈ ਸਮਾਂ ਕਢਣ ਲਈ ਮੇਰੇ ਰਸਤੇ ਵਿਚ ਗ਼ਰੀਬੀ ਆਦਿ ਹੋਰ ਜਿਹੜਾ ਵੀ ਕਸ਼ਟ ਆਵੇ ਪਰ ਮੈਂ ਰਬ ਤੋਂ ਟੁਟੇ ਹੋਏ ਬੰਦੇ ਦੀ ਸੰਗਤ ਵਿਚ ਕਦੇ ਨਾ ਰਹਾਂ।[90] ਕਬੀਰ ਜੀ ਇਹ ਵੀ ਫ਼ੁਰਮਾਉਂਦੇ ਹਨ ਕਿ ਸਾਧੂ ਨੂੰ ਮਿਲਣ ਜਾਣ ਲਗਿਆ ਕਿਸੇ ਨੂੰ ਆਪਣੇ ਨਾਲ ਉਡੀਕਣਾ ਨਹੀਂ ਚਾਹੀਦਾ ਕਿਉਂਕਿ ਕੀ ਪਤਾ ਕੋਈ ਮਮਤਾ-ਮਾਇਆ ਵਿਚ ਫ਼ਸਿਆ ਬੰਦਾ ਢਿਲ ਕਰੀ ਜਾਵੇ। ਕਿਸੇ ਸਾਧ ਦੇ ਦੀਦਾਰ ਕਰਨ ਗਿਆ ਕਦੇ ਪੈਰ ਪਿਛੇ ਨਾ ਰਖੀਏ ਸਗੋਂ ਉਸ ਪਾਸੇ ਜਾਣ ਲਗਿਆ ਜੇ ਔਖਿਆਈਆਂ ਵੀ ਝਲਣੀਐ ਪੈਣ ਤਾਂ ਖਿੜੇ ਮਥੇ ਝਲਣੀਆਂ ਚਾਹੀਦੀਆਂ ਹਨ।[91] ਸੰਤ ਦੀ ਸੰਗਤ ਕੀਤਿਆਂ ਅਸਲੀ ਮਾਂ, ਪਿਓ, ਭਰਾ, ਭੈਣ, ਸਖਾ ਸਭ ਸੰਤ ਹੀ ਬਣ ਜਾਂਦਾ ਹੈ।[92] ਇਤਨਾ ਹੀ ਨਹੀਂ ਸਗੋਂ ਦੁਨੀਆਂ ਨਾਲੋਂ ਅਤੇ ਆਪਣੇ ਪਰਿਵਾਰ ਨਾਲੋਂ ਵੀ ਮੋਹ ਤੋੜਨਾ ਪੈਂਦਾ ਹੈ ਤਾਂ ਹੀ ਸੰਤ ਦੀ ਸੰਗਤ ਸੰਭਵ ਹੈ।[93] ਸ੍ਰੀ ਗੁਰੂ ਅਰਜਨ ਪਾਤਸ਼ਾਹ ਨੇ ਤਾਂ ਇਥੋਂ ਤਕ ਫ਼ੁਰਮਾਣ ਕਰ ਦਿਤਾ ਕਿ ਸੰਤ ਜਨਾਂ ਦੀ

---

[89] ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ॥
ਪਾਇ ਲਗਉ ਮੋਹਿ ਕਰਉ ਬੇਨਤੀ ਕੋਊ ਸੰਤੁ ਮਿਲੈ ਬਡਭਾਗੀ॥੧॥ਰਹਾਉ॥
ਮਨੁ ਅਪਰਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ॥
ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ॥੧॥ ਗਉੜੀ ਮ. ੫, ਪੰਨਾ 204

[90] ਕਬੀਰ ਸਾਧੂ ਕੀ ਸੰਗਤਿ ਰਹਉ ਜਉ ਕੀ ਭੂਸੀ ਖਾਉ॥
ਹੋਨਹਾਰੁ ਸੋ ਹੋਇ ਹੈ ਸਾਕਤ ਸੰਗਿ ਨ ਜਾਉ॥੯੯॥ ਸਲੋਕ, ਕਬੀਰ ਜੀ ਪੰਨਾ 1369

[91] ਕਬੀਰ ਸਾਧੂ ਕਉ ਮਿਲਨੇ ਜਾਈਐ ਸਾਥਿ ਨ ਲੀਜੈ ਕੋਇ॥
ਪਾਛੈ ਪਾਉ ਨ ਦੀਜੀਐ ਆਗੈ ਹੋਇ ਸੁ ਹੋਇ॥੧੧੬॥ ਉਹੀ, ਪੰਨਾ 1370

[92] ਮਾਤ ਪਿਤਾ ਸੰਤ ਮੇਰੇ ਸੰਤ ਸਹਾਈ ਬੀਰ॥ ਨਟ ਮਹਲਾ 5, ਪੰਨਾ 979

[93] ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ॥

ਨੂੰ ਮਨ ਸੌਂਪਣ ਖ਼ਾਤਰ ਤਾਂ ਜਾਚਕ ਆਪਣੇ ਮਾਤਾ ਪਿਤਾ ਦਾ ਵੀ ਤਿਆਗ ਕਰ ਦਿੰਦਾ ਹੈ, ਭਾਵ ਉਨ੍ਹਾਂ ਦੇ ਮੋਹ ਨਾਲ ਹੈ:

ਮਾਤਰ ਪਿਤਰ ਤਿਆਗਿ ਕੈ ਮਨੁ ਸੰਤਨ ਪਾਹਿ ਬੇਚਾਇਓ॥

ਸਾਰੰਗ ਮਹਲਾ ੫, ਪੰਨਾ 1230

ਜੀਸੱਸ ਕ੍ਰਾਈਸਟ ਨੇ ਵੀ ਬਾਈਬਲ ਦੇ ਨਵੇਂ ਨੇਮ ਵਿਚ ਅਜਿਹਾ ਹੀ ਉਪਦੇਸ਼ ਦਿਤਾ ਹੈ:

"ਇਹ ਨਾ ਸਮਝੋ ਕਿ ਮੈਂ ਧਰਤੀ ਉਤੇ ਮੇਲ ਕਰਾਉਣ ਆਇਆ ਹਾਂ। ਕਿਉਂ ਜੁ ਮੈਂ ਮਨੁਖ ਨੂੰ ਉਹ ਦੇ ਪਿਉ ਤੋਂ ਅਤੇ ਧੀ ਨੂੰ ਉਹ ਦੀ ਮਾਂ ਤੋਂ ਅਤੇ ਨੂੰਹ ਨੂੰ ਉਹ ਦੀ ਸੱਸ ਤੋਂ ਅੱਡ ਕਰਨ ਆਇਆ ਹਾਂ। ਜੋ ਕੋਈ ਪਿਉ ਯਾ ਮਾਂ ਨੂੰ ਮੇਰੇ ਨਾਲੋਂ ਵਧ ਪਿਆਰ ਕਰਦਾ ਹੈ ਮੇਰੇ ਜੋਗ ਨਹੀਂ ਅਤੇ ਜੇ ਕੋਈ ਪੁਤ੍ਰ ਯਾ ਧੀ ਨੂੰ ਮੇਰੇ ਨਾਲੋਂ ਵਧ ਪਿਆਰ ਕਰਦਾ ਹੈ ਮੇਰੇ ਜੋਗ ਨਹੀਂ। ਅਤੇ ਜੇ ਕੋਈ ਆਪਣੀ ਸਲੀਬ ਚੁਕ ਕੇ ਮੇਰੇ ਮਗਰ ਨਾ ਤੁਰੇ ਮੇਰੇ ਜੋਗ ਨਹੀਂ।...ਜਿਹੜਾ ਤੁਹਾਨੂੰ (ਭਾਵ, ਚੇਲਿਆਂ ਨੂੰ) ਕਬੂਲ ਕਰੇ ਉਹ ਮੈਨੂੰ ਕਬੂਲ ਕਰਦਾ ਹੈ ਅਤੇ ਜਿਹੜਾ ਮੈਨੂੰ ਕਬੂਲ ਕਰੇ ਉਹ ਮੇਰੇ ਘਲਣ ਵਾਲੇ ਨੂੰ ਕਬੂਲ ਕਰਦਾ ਹੈ।" ਮੱਤੀ 10:34-40

ਸੰਤ ਕੇਵਲ ਪ੍ਰੇਮ ਮੰਗਦਾ ਹੈ। ਉਹ ਵੇਖਦਾ ਹੈ ਕਿ ਉਸ ਦੇ ਆਖੇ ਕੌਣ ਲਗਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਪੁਤਰਾਂ ਨੂੰ ਹੁਕਮ ਦਿੰਦੇ ਰਹੇ ਪਰ ਉਹ ਹੁਕਮ ਅਦੂਲੀ ਕਰਦੇ ਰਹੇ ਪਰ ਭਾਈ ਲਹਿਣਾ ਜੀ ਉਹਨਾਂ ਦਾ ਹਰ ਹੁਕਮ ਸਿਰ ਮਥੇ ਮੰਨਦੇ ਰਹੇ। ਫਿਰ ਪ੍ਰਾਪਤੀ ਵੀ ਭਾਈ ਲਹਿਣਾ ਜੀ ਨੂੰ ਹੀ ਹੋਈ। ਜੇ ਗੁਰੂ ਸਾਹਿਬ ਨੇ ਦਿਨ ਨੂੰ ਰਾਤ ਕਿਹਾ ਤਾਂ ਭਾਈ ਲਹਿਣਾ ਜੀ ਨੇ ਮੰਨ ਲਿਆ। ਜੇ ਚਿਕੜ ਵਿਚ ਛਾਲ ਮਾਰਨ ਨੂੰ ਕਿਹਾ ਤਾਂ ਕੇਸਰ ਜਾਣ ਕੇ ਹੁਕਮ ਪ੍ਰਵਾਨ ਕੀਤਾ। ਜੇ ਮੁਰਦਾ ਖਾਣ ਨੂੰ ਕਿਹਾ ਤਾਂ ਪ੍ਰਸ਼ਾਦ ਸਮਝ ਕੇ ਤਿਆਰ ਹੋ ਗਏ। ਇਹ ਨਮੂਨਾ ਹੈ ਸੰਤ ਦੀ ਸੰਗਤ ਕਰਨ ਦੇ ਵੱਲ ਜਾਂਤਰੀਕੇ ਦਾ। ਇਨ੍ਹਾਂ ਸਾਖੀਆਂ ਨੂੰ ਤਰਕ ਦੇ ਬਹਾਨੇ ਨਾਲ ਅਸਵੀਕਾਰ ਨਹੀਂ ਕੀਤਾ ਜਾ ਸਕਦਾ। ਧਰਮ ਦਾ ਮੁਖ ਅਧਾਰ ਵਿਸ਼ਵਾਸ ਹੁੰਦਾ ਹੈ, ਕੋਰਾ ਤਰਕ ਨਹੀਂ। ਇਸਦਾ ਅਰਥ ਇਹ ਨਹੀਂ ਕਿ ਧਾਰਮਕ ਇਤਿਹਾਸ ਤਰਕ ਵਿਹੂਣਾ ਹੁੰਦਾ ਹੈ। ਇਹ ਅਸਲ ਵਿਚ Super Logic ਹੁੰਦਾ ਹੈ, ਜੋ ਤਰਕ-ਵਾਦੀਆਂ ਦੀ ਪਕੜ ਵਿਚ ਨਹੀਂ ਆ ਸਕਦਾ ਜਾਂ ਕਈ ਵਾਰ ਉਹ ਸਮਝਣਾ ਹੀ ਨਹੀਂ ਚਾਹੁੰਦੇ।

ਤੀਜੇ ਪਾਤਸ਼ਾਹ ਗੁਰਿਆਈ ਮਿਲਣ ਤੋਂ ਪਹਿਲਾਂ ਸ੍ਰੀ ਗੁਰੂ ਅੰਗਦ ਸਾਹਿਬ ਦੀ ਅਣਥੱਕ ਸੇਵਾ ਕਰਦੇ ਰਹੇ ਪਰ ਬਦਲੇ ਵਿਚ ਕਦੇ ਕੁਝ ਨਾ ਮੰਗਿਆ। ਗੁਰੂ ਸਾਹਿਬ ਉਹਨਾਂ ਵਲ ਅਖ ਮਿਲਾ ਕੇ ਵੇਖਦੇ ਵੀ ਨਹੀਂ ਸਨ ਪਰ ਬਾਬਾ ਸ੍ਰੀ ਅਮਰਦਾਸ ਜੀ ਤਾਂ ਸੇਵਾ, ਸਚੇ ਸੇਵਾ ਭਾਵ ਨਾਲ ਕਰਦੇ ਸਨ। ਭਾਈ ਮੰਝ ਨੇ ਸਚੇ ਦਿਲ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੇਵਾ ਕੀਤੀ। ਤਨ, ਮਨ, ਧਨ, ਇਸਤਰੀ, ਬਚੇ, ਸਭ ਕੁਝ ਵਾਰ ਦਿਤਾ ਤਾਂ ਕਿਧਰੇ ਜਾ ਕੇ ਛਾਤੀ ਨਾਲ ਲਗੇ। ਇਸੇ ਕਰਕੇ ਬਾਣੀ ਵਿਚ ਗੁਰ ਪੀਰਾਂ ਕੀ ਚਾਕਰੀ ਨੂੰ ਮਹਾਂ ਕਰੜੀ ਲਿਖਿਆ ਹੈ। ਸੰਤ ਨੇ ਹਉਮੈ ਦਾ ਨਾਸ਼ ਕਰਨਾ ਹੁੰਦਾ ਹੈ, ਕਿਉਂਕਿ ਹਉਮੈ ਅਤੇ ਨਾਮ ਇਕ ਥਾਂ ਨਹੀਂ ਵਸ ਸਕਦੇ। ਨਾਂ ਹੀ ਹਉਮੈਂ

---

ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ॥ ਸੋਰਠਿ, ਨਾਮਦੇਵ ਜੀ, ਪੰਨਾ 657

ਵਿਚ ਸੇਵਾ ਸੰਭਵ ਹੈ।[94] ਇਸ ਕਰਕੇ ਸੰਤ ਨੇ ਭਾਵੇਂ ਸੇਵਾ ਰਸਤੇ ਭਾਵੇਂ ਕਿਸੇ ਰਸਤੇ, ਹਉਮੈ ਨੂੰ ਤਿਲ ਤਿਲ ਕਰਕੇ ਕਢਣਾ ਹੁੰਦਾ ਹੈ।

ਸੰਤ ਦੀ ਸੰਗਤ ਨਾਲ ਮਨੁਖ ਦੀ ਹਉਮੈ ਦਾ ਨਾਸ਼ ਹੋ ਜਾਦਾ ਹੈ। ਜੋ ਜੋ ਸਾਧੂ ਦੀ ਸਰਨੀ ਪੈਂਦਾ ਹੈ, ਇਸੇ ਕਰਕੇ ਉਹ ਭਵਜਲ ਸਾਗਰ ਤੋਂ ਪਾਰ ਹੋ ਜਾਂਦਾ ਹੈ। ਉਸ ਦੀ ਸੇਵਾ ਕੀਤਿਆਂ ਕਰੋੜਾਂ ਪਾਪ ਮਿਟ ਜਾਦੇ ਹਨ ਅਤੇ ਹਰੀ ਦਾ ਜਸ ਗਾਇਨ ਹੋਣ ਲਗ ਪੈਂਦਾ ਹੈ। ਦੋਨਾਂ ਦੁਨੀਆਂ ਵਿਚ ਮਨੁਖ ਦੀ ਇਜ਼ਤ ਵਧ ਜਾਦੀ ਹੈ। ਸੰਤਾਂ ਬਿਨਾਂ ਇਹਨਾਂ ਫ਼ਲਾਂ ਦਾ ਹੋਰ ਕੋਈ ਦਾਤਾ ਨਹੀਂ ਹੋ ਸਕਦਾ।[95] ਸਾਧ, ਸੰਤ ਦੀ ਸੰਗਤ ਦੀ ਬੇਅੰਤ ਵਡਿਆਈ ਹੈ। ਜੋ ਵੀ ਅਜਿਹਾ ਕਰਦਾ ਹੈ ਉਸ ਦਾ ਮਨ ਪਵਿਤਰ ਹੋ ਜਾਂਦਾ ਹੈ, ਵਿਕਾਰਾਂ ਦੀ ਮੈਲ ਦੂਰ ਹੋ ਜਾਂਦੀ ਹੈ। ਮਨੁਖ ਪਵਿਤਰ ਜੀਵਨ ਵਾਲਾ ਹੋ ਜਾਂਦਾ ਹੈ। ਲੂਲ੍ਹੇ ਮਨੁਖ ਵੀ ਪਹਾੜਾਂ ਨੂੰ ਪਾਰ ਕਰ ਜਾਂਦੇ ਹਨ, ਮਹਾਂਮੂਰਖ ਵੀ ਵਿਦਵਾਨ ਬਣ ਜਾਂਦਾ ਹੈ। (ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਗੂੰਗੇ ਤੋਂ ਗੀਤਾ ਦੇ ਅਰਥ ਕਰਵਾ ਦਿਤੇ ਸਨ), ਅੰਨ੍ਹੇ ਨੂੰ (ਭਗਤ ਸੂਰਦਾਸ) ਤਿੰਨਾਂ ਭਵਨਾਂ ਦੀ ਸੋਝੀ ਹੋ ਜਾਂਦੀ ਹੈ। ਸੰਤ ਦੀ ਸੰਗਤ ਨਾਲ ਸ਼ੇਰ ਰੂਪੀ ਹੰਕਾਰ ਨਿਮਰਤਾ ਰੂਪੀ ਬਿਲੀ ਹੋ ਜਾਂਦਾ ਹੈ। ਤੀਲਾ ਵੀ ਸੁਮੇਰ ਪਰਬਤ ਲਗਣ ਲਗ ਪੈਂਦਾ ਹੈ। ਜਿਹੜੇ ਮਨੁਖ ਪਹਿਲਾਂ ਅਧੀ ਅਧੀ ਕੌਡੀ ਵਾਸਤੇ ਧਕੇ ਖਾਂਦੇ ਫ਼ਿਰਦੇ ਸੀ ਉਹ ਦੌਲਤਮੰਦ ਅਤੇ ਧਨਾਢ ਬਣ ਜਾਂਦੇ ਹਨ। ਸੰਤਾਂ ਦੇ ਦਰ ਦੀ ਰੀਤ ਹੀ ਇਹੋ ਹੈ ਕਿ ਉਥੋਂ ਹੀ ਨਾਮ ਦੀ ਕਿਰਪਾ ਹੁੰਦੀ ਹੈ।[96]

ਸੰਤ ਦਾ ਦਰਸ਼ਨ ਹੀ ਮੁਕੰਮਲ ਤੀਰਥ ਇਸ਼ਨਾਨ ਹੈ। ਇਸ ਤੋਂ ਇਲਾਵਾ ਬਾਕੀ ਦੇ ਤੀਰਥ ਇਸ਼ਨਾਨਾਂ ਦਾ ਕੋਈ ਖਾਸ ਮਹੱਤਵ ਨਹੀਂ ਸਗੋਂ ਹਉਮੈ ਰੂਪੀ ਮੈਲ ਵਧਦੀ ਹੈ। ਸੰਤ ਦੀ ਕਿਰਪਾ ਦੁਆਰਾ ਹੀ ਨਾਮ ਜਪਿਆ ਜਾ ਸਕਦਾ ਹੈ। ਕੇਵਲ ਆਪਣੀ ਕੋਸ਼ਿਸ਼ ਬਹੁਤਾ ਕੰਮ ਨਹੀਂ ਕਰਦੀ। ਸੰਤ ਦੇ ਚਰਨਾਂ ਦੀ ਧੂੜ ਮਥੇ ਤੇ ਲਗਾਉਣ ਨਾਲ ਮਨੁਖ ਦੇ ਕਰੋੜਾਂ ਪਾਪ ਦੂਰ ਹੋ ਜਾਂਦੇ ਹਨ। ਸੰਤ ਦੀ ਕਿਰਪਾ ਸਦਕਾ ਹੀ ਮਨੁਖ, ਜਨਮ ਮਰਨ ਦੇ ਗੇੜੇ ਤੋਂ ਮੁਕਤ ਹੋ ਸਕਦਾ ਹੈ। ਸੰਤ

---

[94] ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥
ਹਉਮੈ ਵਿਚ ਸੇਵਾ ਨਾ ਹੋਵਈ ਤਾਂ ਮਨੁ ਬਿਰਥਾ ਜਾਇ॥ ਵਡਹੰਸੁ ਮ. ੩, ਪੰਨਾ 560

[95] ਸੰਤਨ ਬਿਨੁ ਅਵਰੁ ਨਾ ਦਾਤਾ ਬੀਆ॥
ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ॥
ਕੋਟਿ ਪਰਾਧ ਮਿਟਹਿ ਜਨ ਸੇਵਾ ਹਰਿ ਕੀਰਤਨੁ ਰਸਿ ਗਾਈਐ॥
ਈਹਾ ਸੁਖ ਆਗੈ ਮੁਖ ਉਜਲ ਜਨ ਕਾ ਸੰਗੁ ਵਡਭਾਗੀ ਪਾਈਐ॥ ਸੋਰਠਿ ਮ. ੫, ਪੰਨਾ 610

[96] ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ॥1॥
ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥ ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥1॥ ਰਹਾਉ ॥
ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ ॥ ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ ॥2॥
ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ ॥ ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ ॥3॥
ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ ॥ ਕਰਿ ਕਿਰਪਾ ਮੋਹਿ ਨਾਮੁ ਦੇਹੁ ਨਾਨਕ ਦਰ ਸਰੀਤਾ ॥4॥
ਬਿਲਾਵਲੁ ਮ. ੫, ਪੰਨਾ ੮੦੯

ਦੀ ਸੰਗਤ ਵਿਚ ਰਹਿਣ ਨਾਲ ਹੀ ਹੰਕਾਰ ਦੂਰ ਹੁੰਦਾ ਹੈ ਅਤੇ ਹਰ ਥਾਂ ਪ੍ਰਮਾਤਮਾ ਦੀ ਨਿਵਾਸ ਦਿਸ ਪੈਂਦਾ ਹੈ, ਸਭ ਪਾਸੇ ਪ੍ਰਭੂ ਹੀ ਪ੍ਰਭੂ ਦਿਸਦਾ ਹੈ। ਜਿਸ ਮਨੁਖ ਉਤੇ ਸੰਤ ਪ੍ਰਸੰਨ ਹੋ ਜਾਂਦੇ ਹਨ ਉਸ ਦੇ ਪੰਜ ਵਿਕਾਰ, ਉਸ ਦੇ ਵਸ ਆ ਜਾਂਦੇ ਹਨ ਅਤੇ ਉਹ ਆਤਮਕ ਜੀਵਨ ਦੇਣ ਵਾਲਾ ਪਰਮੇਸ਼ਰ ਦਾ ਨਾਮ ਆਪਣੇ ਹਿਰਦੇ ਵਿਚ ਸੰਜੋਅ ਲੈਂਦਾ ਹੈ। ਪਰ ਅਜਿਹੇ ਸੰਤ ਦੇ ਚਰਨ ਉਸੇ ਨੂੰ ਪ੍ਰਾਪਤ ਹੁੰਦੇ ਹਨ ਜਿਸਦਾ ਕੋਈ ਅਜਿਹਾ ਪੂਰਬਲਾ ਪੂਰਨ ਕਰਮ ਸਾਹਮਣੇ ਆ ਜਾਵੇ।[97] ਸੰਤ, ਸਾਧ ਦੀ ਸੇਵਾ ਨਾਲ ਧਰਮ, ਅਰਥ, ਕਾਮ, ਮੋਖ ਪ੍ਰਾਪਤ ਹੁੰਦੇ ਹਨ। ਸਾਧ ਦੀ ਸੰਗਤ ਵਿਚ ਰਹਿ ਕੇ ਹਉਮੈ ਦੇ ਤਿਆਗ ਨਾਲ ਮਨੁਖ ਦੀ ਸ਼ੋਭਾ ਹੁੰਦੀ ਹੈ। ਜਨਮ-ਮਰਨ ਦਾ ਗੇੜ ਵੀ ਸੰਤਾਂ ਦੀ ਚਰਣੀਂ ਲਗ ਕੇ ਹੀ ਕਟਿਆ ਜਾਂਦਾ ਹੈ।[98] ਹੋਰ ਜਿਤਨੇ ਵੀ ਤਰੀਕੇ, ਵਰਤ, ਨੇਮ ਆਦਿ ਨਰਕਾਂ ਵਿਚ ਜਾਣ ਤੋਂ ਨਹੀਂ ਬਚਾ ਸਕਦੇ। ਕੇਵਲ ਸੰਤਾਂ ਦੀ ਸੰਗਤ, ਧੂੜ ਹੀ ਇਹ ਸਭ ਕੁਝ ਕਰਨ ਜੋਗ ਹੈ, ਜਿਵੇਂ ਕਿ ਸ੍ਰੀ ਗੁਰੂ ਅਰਜਨ ਸਾਹਿਬ ਸਿਰੀ ਰਾਗ ਵਿਚ ਫ਼ੁਰਮਾਣ ਕਰਦੇ ਹਨ:

ਤੀਰਥ ਵਰਤ ਲਖ ਸੰਜਮਾ ਪਾਈਐ ਸਾਧੂ ਧੂਰਿ॥ ਸਿਰੀ ਰਾਗੁ ਮਹਲਾ ੫, ਪੰਨਾ 48

ਮੁਕਦੀ ਗਲ ਤਾਂ ਇਹ ਹੈ ਕਿ ਸੰਤ ਦੀ ਸੰਗਤ ਕਰਨ ਵਾਲਾ ਖੁਦ ਹੀ ਸੰਤ ਹੋ ਨਿਬੜਦਾ ਹੈ। ਇਸੇ ਕਰਕੇ ਕਿਹਾ ਗਿਆ ਹੈ ਕਿ ਸੰਤਾਂ ਦੀ ਟਹਲ ਕਰਨ ਵਾਲਾ ਵੀ ਸੰਤ ਹੀ ਹੁੰਦਾ ਹੈ।[99]

ਪਰ ਜਿਹੜੇ ਸੰਤ ਦੋਖੀ ਹਨ, ਉਹਨਾਂ ਦਾ ਹਾਲ ਬਿਲਕੁਲ ਇਸ ਤੋਂ ਉਲਟ ਹੁੰਦਾ ਹੈ। ਪਰਮਾਤਮਾ ਹੋਰ ਸਾਰੇ ਪਾਪ ਮਾਫ਼ ਕਰ ਸਕਦਾ ਹੈ ਪਰ ਸੰਤ ਦੀ ਨਿੰਦਾ ਅਤੇ ਉਸ ਦਾ ਵਿਰੋਧ ਮਾਫ਼ ਨਹੀਂ ਕਰਦਾ। ਜੋ ਵੀ ਸੰਤ ਨੂੰ ਦੁਖ ਦਿੰਦਾ ਹੈ ਉਹ ਕਦੇ ਮਾਫ਼ ਨਹੀਂ ਹੋ ਸਕਦਾ। ਸੰਤ ਨਾਲ ਵੈਰ ਕਰਨ ਵਾਲੇ ਕਦੇ ਸੁਖ ਨਹੀਂ ਪਾਂਦੇ। ਅਜਿਹੇ ਮਨੁਖ ਮਹਾਂਮੂਰਖ ਹੁੰਦੇ ਹਨ। ਸੰਤ ਤਾਂ ਪਰਮਾਤਮਾ ਦੇ ਗੁਣਾਂ ਨਾਲ ਭਰਪੂਰ ਹੁੰਦੇ ਹਨ ਪਰ ਵੈਰ ਕਰਨ ਵਾਲੇ ਆਪਣੇ ਹੀ ਹੰਕਾਰ ਵਿਚ ਸੜਦੇ ਰਹਿੰਦੇ ਹਨ। ਇਸ ਸਭ ਤੋਂ ਮਾੜੀ ਕਿਸਮਤ ਦੀ ਨਿਸ਼ਾਨੀ ਹੈ। ਜੋ ਅਜਿਹੇ ਨਿਰਵੈਰਾਂ ਨਾਲ ਵੈਰ ਕਰਦੇ ਹਨ ਉਹ ਪਰਮਾਤਮਾ ਦੇ ਧਰਮ ਦੇ ਨਿਆਂ ਅਨੁਸਾਰ ਦੁਖੀ ਹੁੰਦੇ ਹਨ। ਜਿਨ੍ਹਾਂ ਨੂੰ ਵੀ ਸੰਤ ਫ਼ਿਟਕਾਰਦਾ ਹੈ ਉਹ ਸਦਾ ਭਟਕਦੇ ਹੀ ਰਹਿੰਦੇ ਹਨ ਜਿਵੇਂ ਰੁਖ ਮੁੱਢ ਤੋਂ ਪੁਟ ਦਿਤਾ ਜਾਵੇ ਤਾਂ ਉਸ ਦੀਆਂ ਟਾਹਣੀਆਂ ਸੁਕ ਜਾਂਦੀ ਹਨ।[100] ਇਸ ਲਈ ਗੁਰਬਾਣੀ ਵਿਚ ਜਗ੍ਹਾ ਜਗ੍ਹਾ ਸੰਤਾਂ ਦੀ ਨਿੰਦਾ ਤੋਂ ਵਰਜਿਆ ਗਿਆ ਹੈ।

---

[97] ਸੰਤ ਕੀ ਧੂਰਿ ਮਿਟੇ ਅਘ ਕੋਟਿ॥ ਸੰਤ ਪ੍ਰਸਾਦਿ ਜਨਮ ਮਰਣ ਤੇ ਛੋਟ॥
ਸੰਤ ਕਾ ਦਰਸੁ ਪੂਰਨ ਇਸਨਾਨੁ॥ ਸੰਤ ਕ੍ਰਿਪਾ ਤੇ ਜਪੀਐ ਨਾਮੁ॥
ਸੰਤ ਕੈ ਸੰਗਿ ਮਿਟਿਆ ਅਹੰਕਾਰੁ॥ ਦ੍ਰਿਸ਼ਟਿ ਆਵੈ ਸਭੁ ਏਕੰਕਾਰੁ॥...
ਕਹੁ ਨਾਨਕ ਜਾ ਕਾ ਪੂਰਾ ਕਰਮ ਤਿਸੁ ਭੇਟੇ ਸਾਧੂ ਕੇ ਚਰਨ॥ ਗਉੜੀ ਮ. ੫, ਪੰਨਾ- 188-189

[98] ਚਾਰਿ ਪਦਾਰਥ ਜੇ ਕੋ ਮਾਗੈ॥ ਸਾਧ ਜਨਾ ਕੀ ਸੇਵਾ ਲਾਗੈ॥...
ਜੇ ਕੋ ਅਪੁਨੀ ਸੋਭਾ ਲੋਰੈ॥ ਸਾਧ ਸੰਗਿ ਇਹ ਹਉਮੈ ਛੋਰੈ॥
ਜੇ ਕੋ ਜਨਮ ਮਰਣ ਤੇ ਡਰੈ॥ ਸਾਧ ਜਨਾ ਕੀ ਸਰਨੀ ਪਰੈ॥ ਗਉੜੀ ਸੁਖਮਨੀ ਮ. ੫, ਪੰਨਾ 266

[99] ਸੰਤਨ ਕੀ ਟਹਲ ਸੰਤ ਕਾ ਕਾਮੁ॥ ਰਾਮਕਲੀ ਮ. ੫, ਪੰਨਾ 891

[100] ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ॥

ਸੰਤਾਂ ਦੀ ਨਿੰਦਾਂ ਪ੍ਰਭੂ ਦੀ ਨਿੰਦਾ ਹੋ ਜਾਂਦੀ ਹੈ। ਕਿਉਂਕਿ ਸੰਤ ਪਰਮੇਸ਼ਰ ਨਾਲ ਇਕ ਮਿਕ ਹੁੰਦੇ ਹਨ।[101] ਸੰਤ ਦੀ ਨਿੰਦਾ ਬਹੁਤ ਹੀ ਭਿਆਨਕ ਦਸੀ ਗਈ ਹੈ। ਸੰਤ ਦੀ ਨਿੰਦਾ ਕਰਨ ਵਾਲੇ ਨੂੰ ਭਿਆਨਕ ਰੋਗ ਆ ਘੇਰਦੇ ਹਨ। ਸੰਤ ਨਿੰਦਾ ਦੇ ਕਾਰਨ ਮਾਇਆ ਦੀ ਤ੍ਰਿਸ਼ਨਾ ਦਾ ਲਾ-ਇਲਾਜ ਰੋਗ ਜੀਵ ਦੇ ਅੰਦਰ ਪੈਦਾ ਹੋ ਜਾਂਦਾ ਹੈ ਅਤੇ ਅਜਿਹੇ ਵਡੇ ਰੋਗ ਨਾਲ ਸਰੀਰ ਦਾ ਵੀ ਨਾਸ਼ ਹੋ ਜਾਂਦਾ ਹੈ। ਮਨੁਖ ਸਦਾ ਝੂਠ ਬੋਲਦਾ ਹੈ, ਕਹਿੰਦਾ ਕੁਝ ਹੋਰ ਹੈ ਅਤੇ ਕਮਾਂਦਾ ਕੁਝ ਹੋਰ ਹੈ ਫ਼ਿਰ ਵੀ ਇਸ ਮਾਇਆ ਦੀ ਤ੍ਰਿਸ਼ਨਾ ਨਹੀਂ ਬੁਝਦੀ, ਮਾਇਆ ਦੀ ਹਾਇ ਹਾਇ ਸਦਾ ਲਈ ਲਗੀ ਰਹਿੰਦੀ ਹੈ।[102] ਸੁਖਮਨੀ ਸਾਹਿਬ ਦੀ 13ਵੀਂ ਅਸ਼ਟਪਦੀ ਸੰਤ ਦੀ ਨਿੰਦਾ ਦੇ ਫ਼ਲਾਂ ਦਾ ਹੀ ਬਖਾਨ ਕਰਦੀ ਹੈ ਕਿ ਸੰਤ ਦੀ ਨਿੰਦਾ ਕਿਤਨੀ ਭਿਆਨਕ ਬੀਮਾਰੀਆਂ ਨੂੰ ਜਨਮ ਦਿੰਦੀ ਹੈ। ਇਸ ਦੇ ਸਲੋਕ ਵਿਚ ਸਭ ਤੋਂ ਵਡੀ ਬਿਮਾਰੀ-ਜਨਮ ਮਰਨ ਦਾ ਚਕਰ ਹੀ ਸੰਤ ਨਿੰਦਕ ਦਾ ਫ਼ਲ ਦਸਿਆ ਗਿਆ ਹੈ। ਸ੍ਰੀ ਗੁਰੂ ਅਰਜਨ ਸਾਹਿਬ ਨੇ ਸੰਤ ਦਾ ਦੋਖ ਕਰਨ ਵਾਲਿਆਂ ਬਾਰੇ ਬਹੁਤ ਸਫ਼ਤ ਸ਼ਬਦਾਵਲੀ ਵਰਤ ਕੇ ਸੰਤ ਦੀ ਨਿੰਦਾ ਤੋਂ ਵਰਜਿਆ ਹੈ ਅਤੇ ਦਸਿਆ ਹੈ ਕਿ ਸੰਤਾਂ ਦਾ ਰਖਵਾਲਾ ਪ੍ਰਭੂ ਆਪ ਹੁੰਦਾ ਹੈ। ਸ਼ਬਦ ਲੰਮੇਰਾ ਹੋਣ ਕਰ ਕੇ ਸਿਰਫ਼ ਮੁਢਲੀਆਂ ਪੰਕਤੀਆਂ ਹੀ ਦਿਤੀਆਂ ਗਈਆਂ ਹਨ:

ਸੰਤ ਕਾ ਲੀਆ ਧਰਤਿ ਬਿਦਾਰਉ॥ ਸੰਤ ਕਾ ਨਿੰਦਕ ਅਕਾਸ ਤੇ ਟਾਰਉ॥
ਸੰਤ ਕਉ ਰਾਖਉ ਅਪਨੇ ਜੀਅ ਨਾਲਿ। ਸੰਤ ਉਧਾਰਉ ਤਤਖਿਣ ਤਾਲਿ॥...

ਗੋਂਡ ਮਹਲਾ 5, ਪੰਨਾ 867

ਪਰਮੇਸ਼ਰ ਆਪਣੇ ਸੰਤ ਦੇ ਦੋਖੀ ਨੂੰ ਕਦੇ ਨਹੀਂ ਸਹਾਰਦਾ। ਇਤਿਹਾਸ ਗਵਾਹੀ ਭਰਦਾ ਹੈ ਕਿ ਸੰਤ ਦੀ ਰਖਿਆ ਕਰਨ ਲਈ ਪਰਮਾਤਮਾ ਨੇ ਹਰ ਸੰਭਵ ਅਤੇ ਅਸੰਭਵ ਕੰਮ ਕਰ ਵਿਖਾਏ। ਭਗਤ ਦੀ ਰਖਿਆ ਲਈ ਥੰਮ ਪਾੜ ਕੇ ਨਰਸਿੰਘ ਦਾ ਭੇਸ ਵੀ ਧਾਰ ਲਿਆ ਜੋ ਉਂਞ ਕਦੇ ਸੰਭਵ ਨਹੀਂ ਪਰ ਭਗਤ ਦੀ ਰਖਿਆ ਲਈ ਉਸਨੂੰ ਸਭ ਕੁਝ ਮਨਜ਼ੂਰ ਹੈ। ਨਰ ਸਿੰਘ ਦਾ ਭੇਸ ਧਾਰਨਾ ਵੀ ਮਨਜ਼ੂਰ ਹੈ। ਇਸ ਤਰ੍ਹਾਂ ਨਾਲ ਉਸਨੇ ਆਪਣੇ ਪ੍ਰਹਲਾਦ ਵਰਗੇ ਭਗਤਾਂ ਦੀ ਕਈ ਵੇਰ ਰਖਿਆ ਕੀਤੀ ਹੈ।[103] ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਭਗਤਾਂ ਦੀ ਪ੍ਰਭੂ ਦੁਆਰਾ ਪੈਜ ਰਖਣ ਦੀ ਗਵਾਹੀ ਭਰੀ ਹੈ ਕਿ ਜੁਗਾਂ ਜੁਗਾਂ ਤੋਂ ਪਰਮਾਤਮਾ ਆਪਣੇ ਭਗਤ ਇਸ ਦੁਨੀਆਂ ਤੇ ਭੇਜਦਾ

---

ਓਇ ਲੋਚਨਿ ਓਨਾ ਗੁਣੈ ਨੋ ਓਇ ਅਹੰਕਾਰਿ ਸੜੰਦੇ॥
ਓਇ ਵਿਚਾਰੇ ਕਿਆ ਕਰਹਿ ਜਾ ਭਾਗ ਧੁਰਿ ਮੰਦੇ॥
ਵੈਰੁ ਕਰਹਿ ਨਿਰਵੈਰ ਨਾਲਿ ਧਰਮ ਨਿਆਇ ਪਚੰਦੇ॥
ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ॥
ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ॥ ਗਉੜੀ ਕੀ ਵਾਰ ਮ.੪, ਪੰਨਾ 306

101 ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮ ਹੈ ਏਕੋ॥ ਸੂਹੀ ਲਲਿਤ, ਕਬੀਰ ਜੀ, ਪੰਨਾ 793

102 ਬੋਲੈ ਝੂਠੁ ਕਮਾਵੈ ਅਵਰਾ ਤ੍ਰਿਸਨ ਨ ਬੂਝੈ ਬਹੁਤੁ ਹਇਆ॥
ਅਸਾਧ ਰੋਗੁ ਉਪਜਿਆ ਸੰਤ ਦੂਖਨਿ ਦੇਹ ਬਿਨਾਸੀ ਮਹਾ ਖਇਆ॥ ਰਾਮਕਲੀ ਮ. ੫, ਪੰਨਾ 900

103 ਓਇ ਪਰਮ ਪੁਰਖ ਦੇਵਾਧਿ ਦੇਵ॥ ਭਗਤਿ ਹੇਤਿ ਨਰ ਸਿੰਘ ਭੇਵ॥
ਕਹਿ ਕਬੀਰ ਕੋ ਲਖੈ ਨ ਪਾਰ॥ ਪ੍ਰਹਲਾਦ ਉਧਾਰੇ ਅਨਿਕ ਬਾਰ॥ ਬਸੰਤ, ਕਬੀਰ ਜੀ, ਪੰਨਾ 1194

ਆਇਆ ਹੈ ਅਤੇ ਉਹ ਆਪਣੇ ਭਗਤਾਂ ਦੀ ਪੈਜ ਵੀ ਰਖਦਾ ਆਇਆ ਹੈ। ਹਰਨਾਖਸ਼ ਵਰਗੇ ਭਗਤ ਦੋਖੀਆਂ ਨੂੰ ਸੋਧਾ ਲਗਾਉਂਦਾ ਆਇਆ ਹੈ ਅਤੇ ਪ੍ਰਹਲਾਦ ਵਰਗੇ ਭਗਤਾਂ ਦੀ ਹਮੇਸ਼ਾਂ ਰਖਿਆ ਕੀਤੀ ਹੈ ਅਤੇ ਪੰਡਿਤਾਂ ਵਰਗੇ ਹੰਕਾਰੀਆਂ ਨੂੰ ਪਿਠ ਦੇ ਕੇ ਨਾਮਦੇਵ ਵਰਗੇ ਭਗਤਾਂ ਨੂੰ ਪੁਚਕਾਰਦਾ ਆਇਆ ਹੈ :

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥
ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥
ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥

ਆਸਾ ਮਹਲਾ 4, ਪੰਨਾ 451

ਭਗਤ ਨਾਮਦੇਵ ਦੀ ਰਖਿਆ ਲਈ ਮੂਈ ਹੋਈ ਗਊ ਜਿਵਾ ਦਿਤੀ। ਇਸ ਤਰ੍ਹਾਂ ਨਾਮਦੇਵ ਦੀ ਸੰਸਾਰ ਵਿਚ ਕੀਰਤ ਬਣੀ ਰਹਿ ਗਈ।[104](ਪੰਨਾ 22 ਦਾ ਦੂਜਾ ਪਹਿਰਾ ਰਲਾ ਕੇ ਪੜ੍ਹੋ, ਜਿਥੇ ਭਗਤ ਨਾਮਦੇਵ ਜੀ ਦੀਆਂ ਇਸ ਦੇ ਨਾਲ ਦੀਆਂ ਹੋਰ ਪੰਕਤੀਆਂ ਦਰਜ ਹਨ।)

ਇਸੇ ਤਰ੍ਹਾਂ ਭਗਤ ਕਬੀਰ ਜੀ ਨੂੰ ਜਦੋਂ ਸੰਗਲਾਂ ਵਿਚ ਜਕੜ ਕੇ ਦਰਿਆ ਗੰਗਾ ਵਿਚ ਸੁਟ ਦਿਤਾ ਗਿਆ ਤਾਂ ਗੰਗਾ ਦੀ ਲਹਿਰ ਨਾਲ ਹੀ ਪ੍ਰਭੂ ਨੇ ਜ਼ੰਜੀਰਾ ਹੀ ਤੋੜ ਦਿਤੀਆਂ ਅਤੇ ਆਪਣੇ ਭਗਤ ਨੂੰ ਬਚਾ ਲਿਆ।[105] ਇਸ ਤਰ੍ਹਾਂ ਆਪਣੇ ਭਗਤਾਂ ਦੀ ਪੈਜ ਉਹ ਸ਼ੁਰੂ ਤੋਂ ਰਖਦਾ ਆ ਰਿਹਾ ਹੈ ਅਤੇ ਉਹਨਾਂ ਦੇ ਦੋਖੀਆ ਦਾ ਵਿਨਾਸ਼ ਕਰਦਾ ਆ ਰਿਹਾ ਹੈ।[106] ਸ੍ਰੀ ਰਾਮ ਚੰਦਰ ਜੀ ਨੇ ਆਪਣੇ ਭਗਤ ਸੁਗ੍ਰੀਵ ਦੀ ਰਖਿਆ ਕੀਤੀ ਅਤੇ ਬਾਲੀ ਦਾ ਵੱਧ ਕੀਤਾ। ਸ੍ਰੀ ਕ੍ਰਿਸ਼ਨ ਭਗਵਾਨ ਨੇ ਤਾਂ ਭਗਤ ਦੀ ਰਖਿਆ ਲਈ ਕੋਈ ਵੀ ਹੱਦ ਪਾਰ ਕਰਨੀ ਵਡੀ ਨਹੀਂ ਸਮਝੀ, ਸੂਰਜ ਦੀ ਗਤੀ ਤਕ ਰੋਕ ਦਿਤੀ। ਭਗਤਾਂ ਦੀ ਪੈਜ ਰਖਣ ਹਿਤ ਹੀ ਤਾਂ ਪ੍ਰਭੂ ਆਪਣੇ ਇਨਾਂ ਵਰਗੇ ਕਈ ਰੂਪ ਦੁਨੀਆਂ ਤੇ ਭੇਜਦਾ ਆਇਆ ਹੈ। ਸ੍ਰੀ ਕ੍ਰਿਸ਼ਨ ਜੀ ਦੀ ਭਗਤ ਵਛਲਤਾ ਦੀਆਂ ਅਨੇਕਾਂ ਸਾਖੀਆਂ ਪ੍ਰਚਲਤ ਵੀ ਹਨ। ਗੀਤਾ ਵਿਚ ਉਨ੍ਹਾਂ ਬਾਰੇ ਅੰਕਿਤ ਵੀ ਹੈ ਕਿ ਉਹ ਆਪਣੇ ਭਗਤਾਂ ਦੇ ਉਧਾਰ ਤੇ ਦੁਸ਼ਟਾਂ ਦੇ ਦਮਨ ਲਈ ਆਉਂਦੇ ਰਹਿੰਦੇ ਹਨ:

ਯਦਾ ਯਦਾ ਹਿ ਧਰਮੱਸਿਅ ਗਲਾਨਿਰਭਵਤਿ ਭਾਰਤ॥
ਅਭਿਯੁਥਾਨਮਧਰਮੱਸਿਅ ਤਦਾਤਮਾਨੰ ਸ੍ਰਿਜਾਮਯਹਮ॥
ਪਰਿਤ੍ਰਾਣਾਯ ਸਾਧੂਨਾਂ ਵਿਨਾਸ਼ਾਯ ਚ ਦੁਸ਼ਕ੍ਰਿਤਾਮ॥
ਧਰਮਸੰਸਥਾਪਨਾਰਥਾਯ ਸੰਭਵਾਮਿ ਯੁਗੇ ਯੁਗੇ॥ ਅਧਿਆਏ 4:7-8

---

[104] ਦੁਧਹਿ ਦੁਹਿ ਜਬ ਮਟੁਕੀ ਭਰੀ॥ ਲੇ ਬਾਦਿਸਾਹ ਕੇ ਅਗੈ ਧਰੀ॥...
ਨਾਮੇ ਕੀ ਕੀਰਤਿ ਰਹੀ ਸੰਸਾਰਿ॥ ਭਗਤ ਜਨਾਂ ਲੇ ਉਧਰਿਆ ਪਾਰਿ॥ ਭੈਰਉ, ਨਾਮਦੇਵ ਜੀ, ਪੰਨਾ 1106

[105] ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ॥
ਮ੍ਰਿਗਛਾਲਾ ਪਰ ਬੈਠੇ ਕਬੀਰ॥ ਭੈਰਉ, ਕਬੀਰ ਜੀ, ਪੰਨਾ 1162

[106] ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ॥
ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ ਹਰਣਾਖਸੁ ਮਾਰਿ ਪਚਾਇਆ॥ ਸੋਰਠਿ ਮ. 3, ਪੰਨਾ 637

ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਵੀ ਆਪਣੇ ਆਉਣ ਦਾ ਪ੍ਰਯੋਜਨ ਵੀ ਤਾਂ ਇਹੀ ਲਿਖਿਆ ਹੈ, ਕਿ ਅਸੀਂ ਧਰਮ ਦੇ ਚਲਾਉਣ, ਭਗਤਾਂ ਦੇ ਉਧਾਰ ਤੇ ਦੁਸ਼ਟਾਂ ਦੇ ਨਾਸ਼ ਹਿਤ ਹੀ ਇਸ ਸੰਸਾਰ ਵਿਚ ਆਏ ਹਾਂ :

ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨ॥੪੩॥

ਬਚਿਤ੍ਰ ਨਾਟਕ 6:43

ਅਜਿਹੀ ਕੀਰਤ ਹੈ ਭਗਤਾਂ ਦੀ।

ਅਧਿਆਤਮਕ ਅਨੁਭਵ ਦੀ ਸਾਖੀ ਹੈ, ਪੂਰੀ ਕਲਮਬੰਦ ਹੋ ਹੀ ਨਹੀਂ ਸਕਦੀ। ਇਹ ਨਿਮਾਣਾ ਜਿਹਾ ਜਤਨ ਹੈ, 'ਸੰਤਨ ਕੀ ਮਹਿਮਾ' ਦਾ